ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post
Vol 17 * Issue 181
Daily Newspaper Thursday, September 20, 2018
Tel: 905-793-2202 Fax: 905-793-2282 news@punjabipost.ca

Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
*Conditions Apply
20 Maritime Blvd. Unit #11, Brampton, L6S0C2

## ਅੰਦਰ ਪੜ੍ਹੋ

ਖੈਹਰਾ ਦੀ ਹੋਈ ਅੰਤਰਾਸ਼ਟਰੀ ਵਿਕਾਸ ਦੀ ਪਾਰਲੀਮਾਨੀ ਸਕੱਤਰ ਵਜੋਂ ਨਿਯੁਕਤੀ



ਪੰਨਾ 3

ਏਸ਼ੀਆ ਕੱਪ 'ਚ ਭਾਰਤ ਨੇ ਪਾਕਿ ਨੂੰ 8 ਵਿਕਟਾਂ ਨਾਲ ਰਗੜਿਆ



ਪੰਨਾ 14

# ਨਾਫਟਾ ਡੀਲ ਸਾਈਨ ਕਰਨ ਤੋਂ ਪਹਿਲਾਂ ਆਪਣੀਆਂ ਕੁੱਝ ਮੰਗਾ ਮਨਵਾਉਣਾ ਚਾਹੁੰਦਾ ਹੈ ਕੈਨੇਡਾ



ਵਾਸ਼ਿੰਗਟਨ, 19 ਸਤੰਬਰ (ਪੋਸਟ ਬਿਊਰੋ) : ਸੋਧੀ ਹੋਈ ਨੌਰਥ ਅਮੈਰੀਕਨ ਫਰੀ ਟਰੇਡ ਡੀਲ ਉੱਤੇ ਸਹੀ ਪਾਉਣ ਤੋਂ ਪਹਿਲਾਂ ਕੈਨੇਡਾ ਆਪਣੇ ਭਾਈਵਾਲਾਂ ਤੋਂ ਹੋਰ ਵੀ ਕਾਫੀ ਕੁੱਝ ਚਾਹੁੰਦਾ ਹੈ। ਇਸ ਦਾ ਖੁਲਾਸਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਉਸ ਸਮੇਂ ਕੀਤਾ ਜਦੋਂ ਵਿਦੇਸ਼ ਮੰਤਰੀ ਕ੍ਰਿਸਟੀਆ ਫਰੀਲੈਂਡ ਨੇ ਵਾਸ਼ਿੰਗਟਨ ਵਿਚ ਇਸ ਸਬੰਧ ਵਿਚ ਦੁਬਾਰਾ ਗੱਲਬਾਤ ਸ਼ੁਰੂ ਕੀਤੀ।

ਸ਼ਾਂਤ ਰਹਿ ਕੇ ਨਾਫਟਾ ਬਾਰੇ ਗੱਲ ਕਰੋ ਨਾਅਰੇ ਵਾਲੀ ਟੀ-ਸ਼ਰਟ ਪਾ ਕੇ ਅਮਰੀਕਾ ਦੀ ਰਾਜਧਾਨੀ ਪਹੁੰਚੀ ਫਰੀਲੈਂਡ ਨੇ ਗੱਲਬਾਤ ਮੁੜ ਸ਼ੁਰੂ ਹੋਣ ਉੱਤੇ ਸਮਰਥਨ ਲਈ ਜਿੱਥੇ ਸਾਰੇ ਕੈਨੇਡੀਅਨਾਂ ਦਾ ਧੰਨਵਾਦ ਕੀਤਾ ਉੱਥੇ ਹੀ ਪੱਤਰਕਾਰਾਂ ਨੂੰ ਚੌਕਸ ਰਹਿਣ ਲਈ ਉਨ੍ਹਾਂ ਦਾ ਸ਼ੁਕਰੀਆ ਵੀ ਕੀਤਾ। ਦੁਪਹਿਰ ਨੂੰ ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨਾਲ ਮੁਲਾਕਾਤ ਲਈ ਜਾਣ ਤੋਂ ਪਹਿਲਾਂ ਫਰੀਲੈਂਡ ਨੇ ਆਖਿਆ ਕਿ ਜਦੋਂ ਲੋਕ ਸੜਕਾਂ ਜਾਂ ਏਅਰਪੋਰਟਜ਼ ਉੱਤੇ ਉਨ੍ਹਾਂ ਨੂੰ ਆ ਕੇ ਮਿਲਦੇ ਹਨ ਤਾਂ ਉੱਥੇ ਉਨ੍ਹਾਂ ਨੂੰ ਇਹ ਮਹਿਸੂਸ ਹੁੰਦਾ ਹੈ ਕਿ ਇਸ ਤਰ੍ਹਾਂ ਦੀਆਂ ਗੁੰਝਲਦਾਰ ਵਾਰਤਾਵਾਂ ਵਿਚ ਉਹ ਕੈਨੇਡਾ ਦਾ ਕਿਸ ਹੱਦ ਤੱਕ ਸਮਰਥਨ ਕਰਦੇ ਹਨ।

ਫਰੀਲੈਂਡ ਦੀ ਗੱਲਬਾਤ ਤੋਂ ਇੰਜ ਲੱਗ ਰਿਹਾ ਸੀ ਜਿਵੇਂ ਬੱਸ ਸਫਲਤਾ ਮਿਲਣ ਹੀ ਵਾਲੀ ਹੈ ਤੇ ਗੱਲਬਾਤ ਲੱਗਭਗ ਤੈਅ ਹੋ ਚੁੱਕੀ ਹੈ। ਪਰ ਜਾਣਕਾਰ ਸੂਤਰ ਅਨੁਸਾਰ ਹਾਲ ਦੀ ਘੜੀ ਅਜਿਹਾ ਕੁੱਝ ਵੀ ਨਹੀਂ ਹੈ। ਇਸ ਦੌਰਾਨ ਰਾਤ ਭਰ ਜਾਗ ਕੇ ਇਸ ਮਾਮਲੇ ਵਿਚ ਗੱਲਬਾਤ ਕਰ ਰਹੇ ਵਾਰਤਾਕਾਰਾਂ ਦੀਆਂ ਇਨ੍ਹਾਂ ਅਣਥੱਕ ਕੋਸ਼ਿਸ਼ਾਂ ਲਈ ਵੀ ਫਰੀਲੈਂਡ ਨੇ ਉਨ੍ਹਾਂ ਦਾ ਧੰਨਵਾਦ ਕੀਤਾ। ਇਸ ਤੋਂ ਪਹਿਲਾਂ ਓਟਵਾ ਵਿਚ ਦਿਨ ਵੇਲੇ ਟਰੂਡੋ ਨੇ ਆਖਿਆ ਕਿ ਕੈਨੇਡਾ ਆਪਣੀਆਂ ਮੰਗਾਂ ਤੋਂ ਪਿੱਛੇ ਨਹੀਂ ਹਟ ਰਿਹਾ। ਅਸੀਂ ਬਹੁਤ ਸਪਸ਼ਟ ਹਾਂ ਤੇ ਵਾਰੀ ਵਾਰੀ ਇਹ ਦੱਸ ਚੁੱਕੇ ਹਾਂ ਕਿ ਅਸੀਂ ਕੈਨੇਡਾ ਲਈ ਚੰਗੀ ਡੀਲ ਤੋਂ ਹੇਠਾਂ ਗੱਲ ਨਹੀਂ ਕਰਾਂਗੇ। ਪਰ ਸਾਨੂੰ ਉੱਥੇ ਤੱਕ ਪਹੁੰਚਣ ਲਈ ਥੋੜ੍ਹੀ ਬਹੁਤ ਹਰਕਤ ਹੋਣ ਦਾ ਵੀ ਪਤਾ ਲੱਗਣਾ ਚਾਹੀਦਾ ਹੈ।

...ਬਾਕੀ ਪੰਨਾ 6 'ਤੇ

## ਪ੍ਰਮਾਣੂ ਸਾਈਟਜ਼ ਬੰਦ ਕਰਨ ਲਈ ਰਾਜ਼ੀ ਹੈ ਕਿੰਮ ਬਸ਼ਰਤੇ ਅਮਰੀਕਾ ਵੀ ਅਜਿਹਾ ਕਰੇ!



ਪਯੋਂਗਯੈਂਗ, 19 ਸਤੰਬਰ (ਪੋਸਟ ਬਿਊਰੋ) : ਉੱਤਰੀ ਤੇ ਦੱਖਣੀ ਕੋਰੀਆ ਦੇ ਆਗੂਆਂ ਵੱਲੋਂ ਕਈ ਅਹਿਮ ਸਮਝੌਤਿਆਂ ਦੇ ਸਬੰਧ ਵਿੱਚ ਐਲਾਨ ਕੀਤਾ ਗਿਆ ਹੈ। ਦੋਵਾਂ ਦੇਸ਼ਾਂ ਦੇ ਆਗੂਆਂ ਦਾ ਕਹਿਣਾ ਹੈ ਕਿ ਹੁਣ ਇਨ੍ਹਾਂ ਸਮਝੌਤਿਆਂ ਰਾਹੀਂ ਉਹ ਕੋਰੀਆਈ ਪ੍ਰਾਇਦੀਪ ਉੱਤੇ ਸ਼ਾਂਤੀ ਦੀ ਆਸ ਕਰ ਰਹੇ ਹਨ। ਪਰ ਪ੍ਰਮਾਣੂਮੁਕਤ ਹੋਣ ਲਈ ਉੱਤਰੀ ਕੋਰੀਆ ਦੀ ਇੱਕ ਸ਼ਰਤ ਹੈ।

...ਬਾਕੀ ਪੰਨਾ 6 'ਤੇ

## ਸਕਾਰਬੌਰੋ ਵਿੱਚ ਗੋਲੀ ਚੱਲੀ, 1 ਹਲਾਕ




ਸਕਾਰਬੌਰੋ, 19 ਸਤੰਬਰ (ਪੋਸਟ ਬਿਊਰੋ) : ਸਕਾਰਬੌਰੋ ਵਿਚ ਮੰਗਲਵਾਰ ਸ਼ਾਮ ਨੂੰ ਗੋਲੀ ਲੱਗਣ ਕਾਰਨ ਇਕ ਵਿਅਕਤੀ ਦੀ ਮੌਤ ਹੋ ਗਈ। ਇਹ ਜਾਣਕਾਰੀ ਪੈਰਾਮੈਡਿਕਸ ਨੇ ਦਿੱਤੀ। ਟੋਰਾਂਟੋ ਪੁਲਿਸ ਨੂੰ ਬ੍ਰਿਮਲੇ ਰੋਡ ਤੇ ਸ਼ੈਪਰਡ ਐਵਨਿਊ ਈਸਟ ਇਲਾਕੇ ਵਿਚ ਰਾਤੀਂ 9:50 ਉੱਤੇ ਗੋਲੀ ਚੱਲਣ ਦੀ ਖਬਰ ਮਿਲੀ। ਪੈਰਾਮੈਡਿਕਸ ਅਨੁਸਾਰ ਮੌਕੇ ਉੱਤੇ ਇੱਕ 20 ਸਾਲਾਂ ਦਾ ਵਿਅਕਤੀ ਬਿਨਾਂ ਸਾਹ ਸੱਤ ਦੇ ਪਾਇਆ ਗਿਆ ਤੇ ਬਾਅਦ ਵਿਚ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਅਜੇ ਤੱਕ ਕਿਸੇ ਵੀ ਮਸ਼ਕੂਕ ਸਬੰਧੀ ਜਾਣਕਾਰੀ ਜਾਰੀ ਨਹੀਂ ਕੀਤੀ ਗਈ ਹੈ। ਬੁੱਧਵਾਰ ਨੂੰ ਅੱਧੀ ਰਾਤ ਤੋਂ ਬਾਅਦ ਪੁਲਿਸ ਨੂੰ ਇਕ ਕਾਲ ਮਿਲੀ ਜਿਸ ਵਿਚ ਉਨ੍ਹਾਂ ਨੂੰ ਦੱਸਿਆ ਗਿਆ ਕਿ ਸਕਾਰਬੌਰੋ ਵਿਚ ਮਾਰਖਮ ਰੋਡ ਤੇ ਐਗਲਿੰਟਨ ਐਵਨਿਊ ਈਸਟ ਵਿੱਚ ਗੋਲੀ ਚੱਲਣ ਦੀਆਂ ਆਵਾਜ਼ਾਂ ਸੁਣਾਈ ਦਿੱਤੀਆਂ। ਪੁਲਿਸ ਅਜੇ ਵੀ ਗੋਲੀ ਚੱਲਣ ਦੇ ਸਬੂਤਾਂ ਦੀ ਭਾਲ ਕਰ ਰਹੀ ਹੈ।

## ਸਿੱਖ ਜਥੇਬੰਦੀਆਂ ਵੱਲੋਂ ਬੇਅਦਬੀ ਕਾਂਡ ਬਾਰੇ 'ਪੰਥਕ ਅਸੈਂਬਲੀ' ਸੱਦਣ ਦਾ ਐਲਾਨ

ਅੰਮ੍ਰਿਤਸਰ, 19 ਸਤੰਬਰ, (ਪੋਸਟ ਬਿਊਰੋ)- ਪੰਜਾਬ ਵਿੱਚ ਤਿੰਨ ਸਾਲ ਪਹਿਲਾਂ ਹੋਏ ਬੇਅਦਬੀ ਅਤੇ ਬਰਗਾੜੀ ਮਾਮਲੇ 'ਤੇ ਵੱਖ ਵੱਖ ਸਿੱਖ ਜਥੇਬੰਦੀਆਂ ਨੇ ਸਮੂਹਿਕ ਰੂਪ ਵਿਚਾਰ ਲਈ 'ਪੰਥਕ ਅਸੈਂਬਲੀ' ਸੱਦਣ ਦਾ ਐਲਾਨ ਕੀਤਾ ਹੈ। ਇਹ ਪੰਥਕ ਅਸੈਂਬਲੀ ਪੰਜਾਬ ਵਿਧਾਨ ਸਭਾ ਵਾਂਗ ਚੱਲੇਗੀ, ਜਿਸ ਦੇ 117 ਮੈਂਬਰ ਹੀ ਹੋਣਗੇ।

ਅੱਜ ਇਥੇ ਵੱਖ ਵੱਖ ਸਿੱਖ ਸੰਗਠਨਾਂ ਦੇ ਨੁਮਾਇੰਦਿਆਂ ਦੀ ਇੱਕ ਮੀਟਿੰਗ ਪਿੱਛੋਂ ਇਸ ਦਾ ਖੁਲਾਸਾ ਕੀਤਾ ਗਿਆ ਹੈ। ਮੀਟਿੰਗ ਵਿੱਚ ਤਖਤ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ, ਅਕਾਲ ਤਖਤ ਤੋਂ ਕੱਢੇ ਗਏ ਪੰਜ ਪਿਆਰਿਆਂ ਵਿੱਚੋਂ ਭਾਈ ਸਤਨਾਮ ਸਿੰਘ ਖੰਡਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਸੁਖਦੇਵ ਸਿੰਘ ਭੌਰ,

...ਬਾਕੀ ਪੰਨਾ 6 'ਤੇ

PROTECT YOUR HOME FROM PESTS
Low Rates/Excellent Pest Control Services
100% Success rate for bed bug Treatment
Free Home Inspection; Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

JOSHI LAW OFFICE
Barrister, Solicitor & Notary Public
E-mail : info@joshilawoffice.com
Immigration
Real Estate / Commercial Law
Affidavit / Power of Attorney
416-213-8600
Rakesh M. Joshi B.A., LL.B.
6921 Steels Ave. W. Unit 11, Etobicoke, ON

INSURANCE
HOME, AUTO, BUSINESS, TRUCKING, R.E.S.P, COMMERCIAL
CONNEX Tel: 647-206-2452
Sukhwinder K Singh
7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
Manwinder Mangat
416-845-1352
1332 Khalsa Dr, Unit # 11, Mississauga | Axxel Insurance Brokers Ltd.

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovaird Dr. W. Brampton,ON,L6X0T9

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
4515 Ebenezer Rd, Suite 211, Brampton, Ontario L6P2K7
Open Saturday
Providing excellent quality legal services to our clients

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
905.796.7500
900 Raylawson Blvd. Unit # 6, Brampton

INSURANCE
Life / Disability / Critical Illness
Super Visa / Visitor / Travel /
RRSP / RESP /
SHEVINDER SIDHU Insurance Advisor
416-557-8080
shevindersidhu@gmail.com
10-7003 Steeles Ave. West, Etobicoke

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

SUPER VISA INSURANCE
VISITOR VISA INSURANCE
TRAVEL INSURANCE
STUDENT INSURANCE
NEW IMMIGRANT 90 DAYS MED. INSURANCE
Punjab Insurance Inc
www.punjabinsurance.ca
Sherjang Singh Rana 416-910-9000 rana@punjabinsurance.ca
10-7003 Steeles Ave West, Etobicoke, ON M9W 0A2
Harpreet Rana 416-871-3571 harpreetrana@punjabinsurance.ca

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc.
Brokerage Lic 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

ਨਵਾਂ ਘਾਹ ਲਵਾਉ
647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Axxel Insurance Brokers Ltd.
Address: 1550 South Gateway Rd. Suite 220 Mississauga, ON L4W 5G6

ਕੀ ਤੁਸੀ ਕਿੜੇ-ਮਕੌੜਿਆਂ ਤੋਂ ਪਰੇਸ਼ਾਨ ਹੋ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE PEST CONTROL SERVICES
ਅੱਜ ਹੀ ਕਾਲ ਕਰੋ
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator
647.990.3205

MANN LAW FIRM
Real Estate Law
Business Law
Wills & Estates
Family Law
Power of Attorney
Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Toronto Pest Arrest
Pest Control Residential /Commercial/Industrial
Specialist in Bed Bed Bugs & Cockroaches Services
Ants, Rats, Mice, Centipedes
Bed Bugs, Spider, Beetle
& Cockroaches Control
(Insured & Licensed)
Discount For Seniors Single Mothers & Students
SAME DAY SERVICE & 100% SATISFACTION GUARANTEED
CALL FOR FREE ESTIMATES :
647-515-8000
ਅਸੀਂ ਪੰਜਾਬੀ ਬੋਲਦੇ ਹਾਂ

CN Forklift Training Center
Counterbalance All Types
Walkie pallet Low Lift
Electric Motor Narrow Aisle Reach
Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

FREE Examination 5yrs follow you up
Help!
ਬਵਾਸੀਰ ਤੋਂ ਛੁਟਕਾਰਾ ਪਾਓ
Effective Treatments: Anal Eczema, Colities, Neurodermatitis, Eczema, Chloasma, Psoriasis, Herpes, Rosacea, Vitiligo, Acne & other common diseases
HEMORRHOIDS FISTULAS FISSURES
Company Insurance Accepted
NAITCM Applying Zhang's Herbal Formulas & Technics
N.A.I. TCM TREATMENT CENTRE
905 812 7778 www.naitcm.com
6655 Kitimat Rd. Suite 13, Mississauga, ON. L5N 6J4

Royal Pest Control
Residential Commercial Industrial
Specialist in Bedbugs Service
All Pest Control :
Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call : PARESH PATEL
(Government Approved Licensed Technician)
416 938 4598

KELLEY LAW OFFICE
AREA OF PRACTICE
Immigration, Real Estate, Family Law, Business Closing, Corporate, Wills & Estate, Power of Attorney/Affidavit / Attestations
SHINDER KELLEY Barrister, Solicitor & Notary Public
PH. : 905-362-0755
www.kelleylawoffice.ca
1200 Derry Road East Unit #15, Mississauga, ON L5T 0B3
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੌਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ।

ARISTO PEST CONTROL
RESIDENTIAL COMMERCIAL INDUSTRIAL
Expert in Bedbug & Cockroach Removal
Protect yourself & your family from the Pests
Ants, Bees, Bed Bugs, Beetles, Racoons,Cockroaches, Centipedes, Flea, Hornets,Squirrel, Rats & Mice, Silverfish, Spiders
100% removal of all pests written Guarantee
Sanket (Govt Licensed Exterminator)
647-339-3926
UNMARKED VEHICLE AVAILABLE
Email: aristopest@gmail.com
www.aristopestcontrol.com

# ACTON PHYSIO & FOOT CLINIC

ਪਿੱਠ, ਗੋਢੇ, ਧੌਣ, ਲੱਤਾਂ, ਕੁਹਣੀ, ਗਿੱਟੇ, ਪੈਰਾਂ ਦੇ ਦਰਦਾਂ ਤੋਂ ਪਰੇਸ਼ਾਨ ਹੋ ਤਾਂ ਸਾਡੀਆਂ ਨਾਲ ਲਿਖੀਆਂ ਸੇਵਾਵਾਂ ਨੂੰ ਇਕ ਵਾਰੀ ਅਜ਼ਮਾਉ ਤੇ ਆਪਣੇ ਕੰਮਾਂ ਨੂੰ ਭਜਦੇ ਜਾਓ

We Accept Most Insurances

FREE CONSULTATION



Free Shoes

Buy Custom Made ORTHOTICS
Get upto $100 in Orthopedic Shoe*

*Shoe Credit amount depends upon shoes purchased

## CHANGE YOUR LIFE ਆਪਣੇ ਬੱਲ ਤੇ ਜੀਣਾ ਸਿਖੋ

SEE THE DIFFERENCE WITH ADVANCED TECHNOLOGY



### SERVICES

- Physiotherapy
- Chirpractic Care
- Registered Massage Therapy
- Naturopathy
- Decompression
- Accupunture
- Shockwave Theraphy
- Ion Detoc Spa
- Foot Reflexology
- Colon Hydrotherapy

### TREATMENTS

- Motor Vehicle Accident
- Worker's Compensation
- Back Pain Relief
- Foot Pain Relief
- Muscle & Joint Pain
- Prenatal Care
- Nutrition Planning
- Diabetic Care
- Constipation





### ORTHOTICS

- Callouses
- Corns
- Warts
- Fungal Nail (Laser Treatment)
- Ingrown Nail (Surgery)
- Flat Feet (Shock Wave Therapy)

50$ Off ORTHOTICS*

SPECIAL SENIORS DISCOUNT

2280 Bovaird Dr. E, Unit #4, Brampton. ON L6R 3J5 (East of Rajdhani Sweet)

905.595.1146 | 905.793.7757 | Monday to Saturday

chatr MOBILE

NOW GET

~~4GB~~ 4.5GB DATA

ON OUR $40/MO. PLAN

AUTO-PAY BONUS

LET'S GET GOING

CHATRMOBILE.COM

VISIT OUR LOCATION TODAY!

379 MAIN ST. N., BRAMPTON, (905) 451-0379 | 2456 LAKE SHORE BLVD W., (416) 259-3654

chatr AUTHORIZED DEALER

Offer available to new and existing pre-paid customers signing up for the auto-pay plan above and to existing auto-pay customers on the plan above who upgrade to the auto-pay bonus (data bonus will be valid from the next anniversary date). Limited time offer. Subject to change without notice. Once you reach your 3G speed data allotment, your data speed will be reduced until your next anniversary date. Taxes extra. © 2018

## ਅੱਜ ਨਾਮਾ

ਕਦੀ ਆਹ ਕਹਿ ਕੇ, ਕਦੀ ਔਹ ਕਹਿ ਕੇ,
ਭਾਗਵਤ ਰੋਜ਼ ਹੀ ਛਪੇ ਅਖਬਾਰ ਅੰਦਰ।
ਨੁਕਤੇ ਬਦਲਣ ਦੀ ਖੂਬ ਉਹ ਕਲਾ ਜਾਣੇ,
ਪਲਟੀ ਮਾਰੇ ਉਹ ਨਿੱਤ ਪਰਚਾਰ ਅੰਦਰ।
ਉਸ ਦੀ ਅੱਖ ਦੇ ਨਾਲ ਸਰਕਾਰ ਘੁੰਮਦੀ,
ਕਹੇ ਦਖਲ ਨਹੀਂ ਮੇਰਾ ਸਰਕਾਰ ਅੰਦਰ।
ਭਾਈਚਾਰੇ ਦੀ ਕਹਿੰਦਾ ਕਿ ਸਮਝ ਸਾਡੀ,
ਇਹ ਹੀ ਸੋਚ ਆ ਸੰਘ ਪਰਵਾਰ ਅੰਦਰ।
ਸ਼ਹਿਦ ਵਿੱਚ ਲਪੇਟੀ ਹੋਈ ਮਿਰਚ ਮੋਟੀ,
ਕਹਿੰਦਾ ਲੋਕਾਂ ਨੂੰ ਸਾਬਤ ਲੰਘਾਈ ਜਾਓ।
ਜੋ ਕੁਝ ਆਖੀਏ, ਜੋ ਕੁਝ ਕਹਿ ਦੇਈਏ,
ਸੋਚਣ ਬਿਨਾਂ ਬਈ ਧੌਣ ਹਿਲਾਈ ਜਾਓ।

**ਤੀਸ ਮਾਰ ਖਾਂ**

# ਕਮਲ ਖੈਹਰਾ ਦੀ ਹੋਈ ਅੰਤਰਾਸ਼ਟਰੀ ਵਿਕਾਸ ਦੀ ਪਾਰਲੀਮਾਨੀ ਸਕੱਤਰ ਵਜੋਂ ਨਿਯੁਕਤੀ

ਬਰੈਂਪਟਨ, ਪੋਸਟ ਬਿਊਰੋ- ਬਰੈਂਪਟਨ ਵੈਸਟ ਤੋਂ ਮੈਂਬਰ ਪਾਰਲੀਮੈਂਟ ਕਮਲ ਖੈਹਰਾ ਦੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਅੰਤਰਰਾਸ਼ਟਰੀ ਵਿਕਾਸ ਮਹਿਕਮੇ ਦੀ ਪਾਰਲੀਮਾਨੀ ਸਕੱਤਰ ਵਜੋਂ ਨਿਯੁਕਤੀ ਕੀਤੀ ਗਈ ਹੈ। ਬੀਬੀ ਖੈਹਰਾ ਪਹਿਲਾਂ ਪਾਰਲੀਮਾਨੀ ਸਕੱਤਰ (ਨੈਸ਼ਨਲ ਰੈਵੇਨਿਊ) ਅਤੇ ਪਾਰਲੀਮਾਨੀ ਸਕੱਤਰ (ਸਿਹਤ) ਰਹਿ ਚੁੱਕੇ ਹਨ। ਪਾਰਲੀਮਾਨੀ ਸਕੱਤਰਾਂ ਵੱਲੋਂ ਕੈਬਨਿਟ ਮੰਤਰੀਆਂ ਨੂੰ ਮਿਲੀਆਂ ਜ਼ੁੰਮੇਵਾਰੀਆਂ, ਜਿਸ ਵਿੱਚ ਹਾਊਸ ਆਫ ਕਾਮਨਜ਼ ਦੇ ਬਿਜਨਸ ਵਿੱਚ ਮਦਦ ਜਾਂ ਮੰਤਰਾਲੇ ਦੇ ਹੋਰ ਕਾਰਜਾਂ ਨੂੰ ਪੂਰਾ ਕਰਨ ਵਿੱਚ ਰੋਲ ਅਦਾ ਕੀਤਾ ਜਾਂਦਾ ਹੈ। ਪ੍ਰਧਾਨ ਮੰਤਰੀ ਵੱਲੋਂ ਕੁੱਲ 17 ਪਾਰਲੀਮਾਨੀ ਸਕੱਤਰਾਂ ਦੇ ਮਹਿਕਮੇ ਬਦਲੇ ਗਏ ਹਨ।



ਆਪਣੀ ਨਿਯੁਕਤੀ ਬਾਰੇ ਪ੍ਰਤੀਕਰਮ ਕਰਦੇ ਹੋਏ ਕਮਲ ਖੈਹਰਾ ਨੇ ਕਿਹਾ, "ਪਿਛਲੇ ਡੇਢ ਸਾਲ ਦੌਰਾਨ ਪਾਰਲੀਮਾਨੀ ਸਕੱਤਰ (ਨੈਸ਼ਨਲ ਰੈਵੇਨਿਊ) ਵਜੋਂ ਕੰਮ ਕਰਕੇ ਕੈਨੇਡੀਅਨਾਂ ਦੀ ਸੇਵਾ ਕਰਨਾ ਮੇਰੇ ਲਈ ਇੱਕ ਵੱਡੇ ਮਾਣ ਵਾਲੀ ਗੱਲ ਰਿਹਾ ਹੈ। ਮੰਤਰੀ ਡਿਆਨ ਲੇਬੂਥੀਲੀਏ, ਉਸਦੀ ਸੂਝਵਾਨ ਟੀਮ ਅਤੇ ਕੈਨੇਡਾ ਰੈਵੇਨਿਊ ਏਜੰਸੀ ਦੇ ਸਟਾਫ ਨਾਲ ਮਿਲ ਕੇ ਕੰਮ ਕਰਨਾ ਮੇਰੇ ਲਈ ਇੱਕ ਸਨਮਾਨ ਵਾਲੀ ਗੱਲ ਸੀ। ਮੈਨੂੰ ਉਹਨਾਂ ਲਾਗੂ ਹੋਈਆਂ ਤਬਦੀਲੀਆਂ ਉੱਤੇ ਮਾਣ ਹੈ ਜੋ ਅਸੀਂ ਸੇਵਾ ਦੇ ਮਿਆਰਾਂ ਅਤੇ ਟੈਕਸ ਅਦਾ ਕਰਤਾਵਾਂ ਪ੍ਰਤੀ ਜਵਾਬਦੇਹੀ ਨੂੰ ਸੁਧਾਰਨ ਲਈ ਹੋਂਦ ਵਿੱਚ ਲਿਆਦੀਆਂ। ਨਵੇਂ ਪਾਰਲੀਮਾਨੀ ਸਕੱਤਰ (ਅੰਤਰਰਾਸ਼ਟਰੀ ਵਿਕਾਸ) ਵਜੋਂ ਕੰਮ ਕਰਨ ਉੱਤੇ ਮੈਂ ਨਿਮਾਣਾ ਮਹਿਸੂਸ ਕਰ ਰਹੀ ਹਾਂ ਅਤੇ ਮੰਤਰੀ ਮੇਰੀ ਕਲਾਓਡ ਬੀਬੀਊ ਨਾਲ ਮਿਲ ਕੇ ਸਾਡੇ ਦੇਸ਼ ਦੇ ਅੰਤਰਰਾਸ਼ਟਰੀ ਉਦੇਸ਼ਾਂ ਦੀ ਪੂਰਤੀ ਅਤੇ ਕੈਨੇਡਾ ਦੀ ਇਸਤਰੀਵਾਦੀ ਅੰਤਰਰਾਸ਼ਟਰੀ ਸਹਾਇਤਾ ਪਾਲਸੀ ਵਾਸਤੇ ਕੰਮ ਕਰਨ ਲਈ ਉਤਸ਼ਾਹਿਤ ਹਾਂ।"

ਬੀਬੀ ਖੈਹਰਾ ਦਾ ਅੰਤਰਰਾਸ਼ਟਰੀ ਵਿਕਾਸ ਮਹਿਕਮੇ ਦੀ ਪਾਰਲੀਮਾਨੀ ਸਕੱਤਰ ਵਜੋਂ ਪਹਿਲਾ ਕੰਮ ਅੰਤਰਰਾਸ਼ਟਰੀ ਵਿਕਾਸ ਬਾਰੇ ਮੰਤਰੀ ਮਾਣਯੋਗ ਮੇਰੀ ਕਲਾਓਡ ਬੀਬੀਊ ਦੀ ਤਰਫ਼ ਤੋਂ ਕੈਰੀਬੀਅਨ ਜਾ ਕੇ ਤੁਫਾਨ ਤੋਂ ਬਾਅਦ ਮੁੜ ਉਸਾਰੀ ਦੇ ਕਾਰਜਾਂ, ਲੰਬੇ ਅਰਸੇ ਵਾਸਤੇ ਵਾਤਾਵਰਣ ਪ੍ਰਭਾਵ, ਆਰਥਕ ਲਚਕਤਾ ਅਤੇ ਲਿੰਗਕ ਬਰਾਬਰਤਾ ਲਈ ਉੱਦਮ ਕਰਨਾ ਸੀ। ਡੋਮੀਨਿਕਾ ਅਤੇ ਬਾਰਬਾਡੋਸ ਵਿੱਚ ਬੀਬੀ ਖੈਹਰਾ ਨੇ ਕਈ ਐਲਾਨ ਕੀਤੇ ਜਿਸ ਵਿੱਚ ਡੋਮਿਨਿਕਾ ਦੇ ਡਿਜ਼ਾਸਟਰ ਰੀਕਵਰੀ ਅਤੇ ਰੈਜ਼ੀਲੀਐਂਸੀ ਪ੍ਰੋਜੈਕਟ ਲਈ ਕੈਰੀਬੀਅਨ ਡਿਵੈਲਪਮੈਂਟ ਬੈਂਕ ਨੂੰ ਕੈਨੇਡਾ ਦੀ 9.25 ਮਿਲੀਅਨ ਡਾਲਰ ਦੀ ਵਚਨਬੱਧਤਾ, ਅਤੇ ਛਓੀਛੌਂ ਕੰਪਰੀਹੈਂਸਿਵ ਡਿਜ਼ਾਸਟਰ ਮੈਨੇਜਮੈਂਟ ਸਟਰੈਟਜੀ ਨੂੰ ਲਾਗੂ ਕਰਨ ਲਈ ਕੈਰੀਬੀਅਨ ਡਿਜ਼ਾਸਟਰ ਐਂਡ ਐਮਰਜੰਸੀ ਮੈਨੇਜਮੈਂਟ ਏਜੰਸੀ (CDEMA)) ਲਈ 8.2 ਮਿਲੀਅਨ ਡਾਲਰ ਦਾ ਪ੍ਰੋਜੈਕਟ ਅਤੇ ਸਮੁੱਚੇ CARI-COM ਦੇਸ਼ਾਂ ਵਿੱਚ ਔਰਤਾਂ ਲਈ ਕੰਮ ਕਰਨ ਵਾਲੀਆਂ ਸੰਸਥਾਵਾਂ ਲਈ ਅਗਲੇ ਪੰਜ ਸਾਲ ਵਾਸਤੇ 4.8 ਮਿਲੀਅਨ ਡਾਲਰ ਦੇ ਐਲਾਨ ਸ਼ਾਮਲ ਹਨ।

# ਫਿਲਮ 'ਮਨਮਰਜ਼ੀਆਂ' ਤੋਂ ਸਿਗਰਟਨੋਸ਼ੀ ਦੇ ਇਤਰਾਜ਼ ਯੋਗ ਦ੍ਰਿਸ਼ ਹਟਾ ਦਿੱਤੇ ਗਏ

ਮੁੰਬਈ, 19 ਸਤੰਬਰ, (ਪੋਸਟ ਬਿਊਰੋ)- ਹਿੰਦੀ ਫਿਲਮ 'ਮਨਮਰਜ਼ੀਆਂ' ਵਿੱਚ ਅਭਿਸ਼ੇਕ ਬੱਚਨ ਨੂੰ ਸਿੱਖ ਦੇ ਕਿਰਦਾਰ ਵਿੱਚ ਸਿਗਰਟ ਪੀਂਦਾ ਦਿਖਾਉਣ ਉੱਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਤਰਾਜ਼ ਕੀਤੇ ਜਾਣ ਪਿੱਛੋਂ ਫਿਲਮ ਦੇ ਨਿਰਮਾਤਾ ਨੇ ਇਸ ਵਿੱਚੋਂ ਤਿੰਨ ਸੀਨ ਹਟਾਉਣ ਦਾ ਐਲਾਨ ਕੀਤਾ ਹੈ।

ਮਿਲੀ ਜਾਣਕਾਰੀ ਅਨੁਸਾਰ ਫਿਲਮ ਨਿਰਮਾਤਾਵਾਂ ਨੇ ਏਦਾਂ ਦੇ ਸੀਨ ਹਟਾਉਣ ਲਈ ਸੈਂਟਰਲ ਬੋਰਡ ਆਫ ਫਿਲਮ ਸਰਟੀਫਿਕੇਸ਼ਨ (ਸੀ ਬੀ ਐਫ ਸੀ) ਨੂੰ ਪਹੁੰਚ ਕੀਤੀ ਹੈ। ਸੈਂਸਰ ਬੋਰਡ ਦੀ ਇਕ ਕਾਪੀ ਮੁਤਾਬਕ ਜਿਹੜੇ ਤਿੰਨ ਸੀਨ ਕੱਢੇ ਗਏ ਹਨ, ਉਨ੍ਹਾਂ ਵਿੱਚ ਅਭਿਸ਼ੇਕ ਬੱਚਨ ਵੱਲੋਂ ਸਿਗਰਟਨੋਸ਼ੀ ਦਾ 29 ਸੈਕਿੰਡ ਦਾ ਸੀਨ, ਇਕ ਗੁਰ-ਦੁਆਰੇ ਵਿੱਚ ਤਾਪਸੀ ਪੰਨੂ ਅਤੇ ਅਭਿਸ਼ੇਕ ਦੇ ਦਾਖ਼ਲ ਹੋਣ ਦਾ ਇਕ ਮਿੰਟ ਦਾ ਸੀਨ ਤੇ ਤਾਪਸੀ ਪੰਨੂ ਦੇ ਸਿਗਰਟਨੋਸ਼ੀ ਦਾ 11 ਸੈਕਿੰਡ ਦਾ ਸੀਨ ਸ਼ਾਮਲ ਹਨ। ਫਿਲਮ ਦੀ ਪ੍ਰੋਡਕਸ਼ਨ ਯੂਨਿਟ ਨਾਲ ਜੁੜੇ ਇਕ ਵਿਅਕਤੀ ਨੇ ਕਿਹਾ: 'ਅਸੀਂ ਲੋਕਾਂ ਦੀਆਂ ਭਾਵਨਾਵਾਂ ਕਾਰਨ ਫਿਲਮ ਵਿੱਚੋਂ ਤਿੰਨ ਸੀਨ ਹਟਾ ਦਿੱਤੇ ਹਨ। ਮਹਾਂਨਗਰਾਂ ਵਿੱਚ ਅੱਜ ਤੋਂ ਇਹ ਤਬਦੀਲੀ ਨਜ਼ਰ ਆ ਜਾਵੇਗੀ।'

ਫਿਲਮ ਬਣਾਉਣ ਵਾਲੇ ਅਨੁਰਾਗ ਕਸ਼ਯਪ ਨੇ ਆਖਿਆ ਕਿ ਸਿੱਖ ਭਾਈਚਾਰੇ ਦੇ ਮਨ ਨੂੰ ਠੇਸ ਪੁਚਾਉਣ ਦਾ ਕੋਈ ਇਰਾਦਾ ਨਹੀਂ ਸੀ ਤੇ ਜੇ ਕਿਸੇ ਦੀ ਭਾਵਨਾ ਨੂੰ ਠੇਸ ਪਹੁੰਚੀ ਹੈ ਤਾਂ ਉਹ ਇਸ ਦੀ ਮੁਆਫ਼ੀ ਮੰਗਦਾ ਹੈ ਪਰ ਇਸ ਮੁੱਦੇ ਨੂੰ ਬੇਵਜ੍ਹਾ ਸਿਆਸੀ ਰੰਗ ਨਹੀਂ ਦੇਣਾ ਚਾਹੀਦਾ। ਉਨ੍ਹਾਂ ਦਾਅਵਾ ਕੀਤਾ ਕਿ ਫਿਲਮ ਬਣਾਉਣ ਵੇਲੇ ਪੂਰੀ ਸਾਵਧਾਨੀ ਵਰਤੀ ਸੀ ਤੇ ਗ਼ਲਤ ਪੇਸ਼ਕਾਰੀ ਤੋਂ ਬਚਣ ਲਈ ਸਿੱਖ ਭਾਈਚਾਰੇ ਦੇ ਮੈਂਬਰਾਂ ਤੋਂ ਵੀ ਮਾਰਗ ਦਰਸ਼ਨ ਲਿਆ ਸੀ।

# ਪਾਕਿਸਤਾਨੀ ਸਿੱਖਾਂ ਨੇ ਵੀ ਭਾਰਤ ਵੱਲੋਂ ਕਰਤਾਰਪੁਰ ਲਾਂਘਾ ਖੋਲ੍ਹਣ ਦੀ ਮੰਗ ਚੁੱਕੀ

ਕਰਾਚੀ, 19 ਸਤੰਬਰ, (ਪੋਸਟ ਬਿਊਰੋ)- ਪਾਕਿਸਤਾਨ ਦੇ ਸਿੱਖਾਂ ਨੇ ਭਾਰਤ ਸਰਕਾਰ ਤੋਂ ਮੰਗ ਕੀਤੀ ਹੈ ਕਿ ਕਰਤਾਰਪੁਰ ਤੋਂ ਸਰਹੱਦ ਨੂੰ ਖੋਲ੍ਹਿਆ ਜਾਵੇ ਤਾਂ ਜੋ ਭਾਰਤ ਦੇ ਸਿਖ ਸ਼ਰਧਾਲੂ ਪਾਕਿਸਤਾਨ ਵਿਚਲੇ ਗੁਰਦੁਆਰਾ ਸਾਹਿਬ ਦੇ ਦਰਸ਼ਨ ਸੌਖ ਨਾਲ ਕਰ ਸਕਣ। ਇਹ ਪ੍ਰਗਟਾਵਾ ਅੱਜ ਇੱਕ ਮੀਡੀਆ ਏਜੰਸੀ ਨੇ ਕੀਤਾ ਹੈ।

ਇਸ ਸੰਬੰਧ ਵਿਚ ਵਰਨਣ ਯੋਗ ਹੈ ਕਿ ਕਰਤਾਰਪੁਰ ਸਾਹਿਬ ਗੁਰਦੁਆਰਾ ਭਾਰਤ ਵਿੱਚੋਂ ਡੇਰਾ ਬਾਬਾ ਨਾਨਕ ਨੇੜੇ ਦੀ ਸਰਹੱਦ ਤੋਂ ਸਿਰਫ ਸਾਢੇ ਚਾਰ ਕਿਲੋਮੀਟਰ ਦੂਰ ਹੈ, ਜਿਸ ਦਾ ਲਾਂਘਾ ਦੇਣ ਦੀ ਮੰਗ ਹੋ ਰਹੀ ਹੈ ਅਤੇ ਰੋਜ਼ ਏਥੋਂ ਲੋਕ ਦੂਰਬੀਨ ਦੀ ਮਦਦ ਨਾਲ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਦੇ ਹਨ। ਅੱਜ ਇੱਕ ਪ੍ਰੈੱਸ ਕਾਨਫਰੰਸ ਵਿੱਚ ਪਾਕਿਸਤਾਨ ਸਿੱਖ ਕੌਂਸਲ ਦੇ ਆਗੂ ਰਮੇਸ਼ ਸਿੰਘ ਖਾਲਸਾ ਨੇ ਕਿਹਾ ਕਿ ਜੇ ਸਰਹੱਦ ਖੁੱਲ੍ਹ ਜਾਵੇ ਤਾਂ ਭਾਰਤ ਦੇ ਸਿੱਖ ਡੇਰਾ ਬਾਬਾ ਨਾਨਕ ਰਾਹੀਂ ਕਰਤਾਰਪੁਰ ਸਾਹਿਬ ਦੇ ਗੁਰਦੁਆਰੇ ਦੇ ਦਰਸ਼ਨ ਸੌਖੀ ਤਰ੍ਹਾਂ ਕਰ ਸਕਦੇ ਹਨ।

ਦਿ ਐਕਸਪ੍ਰੈੱਸ ਟ੍ਰਿਬਿਊਨ ਦੇ ਅਨੁਸਾਰ ਰਮੇਸ਼ ਸਿੰਘ ਖਾਲਸਾ ਨੇ ਕਿਹਾ ਕਿ ਸਿਖ ਲੰਬੇ ਸਮੇਂ ਤੋਂ ਕਰਤਾਰਪੁਰ ਦੀ ਸਰਹੱਦ ਖੋਲ੍ਹਣ ਦੀ ਮੰਗ ਕਰ ਰਹੇ ਹਨ। ਉਨ੍ਹਾਂ ਨੇ ਇਮਰਾਨ ਖਾਨ ਦੀ ਅਗਵਾਈ ਵਿਚ ਬਣੀ ਪਾਕਿਸਤਾਨ ਸਰਕਾਰ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਸਿੱਖ ਸ਼ਰਧਾਲੂਆਂ ਲਈ ਲਾਂਘਾ ਦੇਣ ਦੇ ਐਲਾਨ ਦਾ ਸਵਾਗਤ ਕੀਤਾ ਤੇ ਕਿਹਾ ਕਿ ਸਾਰਾ ਸਿੱਖ ਜਗਤ ਸਰਕਾਰ ਦੇ ਇਸ ਨੇਕ ਕਾਰਜ ਦਾ ਸਵਾਗਤ ਕਰਦਾ ਹੈ। ਪਾਕਿਸਤਾਨ ਦੇ ਸੂਚਨਾ ਮੰਤਰੀ ਫ਼ਵਾਦ ਚੌਧਰੀ ਕਹਿ ਚੁੱਕੇ ਹਨ ਕਿ ਉਨ੍ਹਾਂ ਦੀ ਸਰਕਾਰ ਭਾਰਤ ਨਾਲ ਕਰਤਾਰਪੁਰ ਸਰਹੱਦ ਛੇਤੀ ਹੀ ਖੋਲ੍ਹ ਦੇਵੇਗੀ ਤਾਂ ਜੋ ਭਾਰਤ ਵੱਲੋਂ ਸਿੱਖ ਸ਼ਰਧਾਲੂ ਬਿਨਾਂ ਵੀਜ਼ਾ ਤੋਂ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰ ਸਕਣ।

ਦੂਸਰੇ ਪਾਸੇ ਅੱਜ ਪਾਕਿਸਤਾਨ ਦੇ ਵਿਦੇਸ਼ ਦਫ਼ਤਰ ਦੇ ਬੁਲਾਰੇ ਮੁਹੰਮਦ ਫ਼ੈਸਲ ਨੇ ਕਹਿ ਦਿੱਤਾ ਹੈ ਕਿ ਕਰਤਾਰਪੁਰ ਸਾਹਿਬ ਗੁਰਦੁਆਰੇ ਦਾ ਲਾਂਘਾ ਖੋਲ੍ਹਣ ਦੇ ਮੁੱਦੇ 'ਤੇ ਅਜੇ ਦੋਵੇਂ ਦੇਸ਼ਾਂ ਦੀ ਰਸਮੀ ਗੱਲਬਾਤ ਨਹੀਂ ਹੋਈ। ਭਾਰਤੀ ਪੰਜਾਬ ਦੇ ਮੰਤਰੀ ਨਵਜੋਤ ਸਿੰਘ ਸਿੱਧੂ ਦਾ ਦਾਅਵਾ ਹੈ ਕਿ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਲਾਂਘਾ ਖੋਲ੍ਹਣ ਬਾਰੇ ਪਾਕਿਸਤਾਨ ਨੇ ਹਾਂ-ਪੱਖੀ ਹੁੰਗਾਰਾ ਭਰਿਆ ਹੈ। ਉਨ੍ਹਾਂ ਨੇ ਸੋਮਵਾਰ ਨੂੰ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੂੰ ਮਿਲ ਕੇ ਬੇਨਤੀ ਕੀਤੀ ਸੀ ਕਿ ਉਹ ਕਰਤਾਰਪੁਰ ਸਾਹਿਬ ਦਾ ਲਾਂਘਾ ਖੁਲ੍ਹਵਾਉਣ ਲਈ ਪਾਕਿਸਤਾਨ ਨਾਲ ਗੱਲ ਕਰਨ। ਪਾਕਿ ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਕਿਹਾ ਕਿ ਉਹ ਯੂ ਐੱਨ ਜਨਰਲ ਅਸੈਂਬਲੀ ਦੀ ਇਸ ਮਹੀਨੇ ਨਿਊਯਾਰਕ ਵਿੱਚ ਹੋ ਰਹੀ ਬੈਠਕ ਮੌਕੇ ਭਾਰਤੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਤੇ ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਵਿਚਾਲੇ ਦੁਵੱਲੀ ਗੱਲਬਾਤ ਦੀ ਆਸ ਕਰ ਰਹੇ ਹਨ।

# ਵਿੱਕੀ ਢਿੱਲੋਂ ਵੱਲੋਂ ਰੀਜਨਲ ਕਾਊਂਸਲਰ ਚੋਣ ਲਈ ਮੁਹਿੰਮ ਆਰੰਭ



ਬਰੈਂਪਟਨ ਪੋਸਟ ਬਿਊਰੋ: ਕੱਲ ਦਿਨ ਐਤਵਾਰ ਨੂੰ ਸਾਬਕਾ ਸਿਟੀ ਕਾਉਂਸਲਰ ਵਿੱਕੀ ਢਿੱਲੋਂ ਨੇ ਵਾਰਡ ਨੰਬਰ 9 ਅਤੇ 10 ਤੋਂ ਰੀਜਨਲ ਕਾਉਂਸਲਰ ਲਈ ਚੋਣ ਲੜਨ ਵਾਸਤੇ ਆਪਣੀ ਮੁਹਿੰਮ ਦਾ ਆਗਾਜ਼ ਕੀਤਾ। ਉਸਦੇ ਮੁਹਿੰਮ ਆਗਾਜ਼ ਸਮਾਰੋਹ ਵਿੱਚ ਸੈਂਕੜੇ ਲੋਕਾਂ ਨੇ ਸ਼ਮੂਲੀਅਤ ਕਰਕੇ ਆਪਣਾ ਸਮਰੱਥਨ ਵਿੱਕੀ ਢਿੱਲੋਂ ਪ੍ਰਤੀ ਪ੍ਰਗਟ ਕੀਤਾ। ਇਸ ਮੌਕੇ ਵਿੱਕੀ ਢਿੱਲੋਂ ਕੇ ਕਿਹਾ ਕਿ ਉਹ ਆਪਣੇ ਸਮਰੱਥਕਾਂ ਨਾਲ ਮਿਲ ਕੇ ਬਰੈਂਪਨਟ ਦੇ ਚੰਗੇਰੇ ਭੱਵਿਖ ਦੇ ਨਿਰਮਾਣ ਵਾਸਤੇ ਕੰਮ ਕਰੇਗਾ। ਉਸਨੇ ਕਿਹਾ ਕਿ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨਾ, ਕਮਿਉਨਿਟੀ ਸੇਫਟੀ ਯਕੀਨੀ ਬਣਾਉਣਾ ਅਤੇ ਨਵੇਂ ਬਿਜਨਸ ਸ਼ਹਿਰ ਵਿੱਚ ਲਿਆ ਕੇ ਰੁਜ਼ਗਾਰ ਦੇ ਉੱਨਤ ਅਵਸਰ ਪੈਦਾ ਕਰਨਾ ਉਸਦੀਆਂ ਪਹਿਲਤਾਵਾਂ ਵਿੱਚ ਸ਼ਾਮਲ ਹੈ। ਇਸ ਮੌਕੇ ਪਰਿਵਾਰਾਂ ਲਈ ਖਾਸ ਕਰਕੇ ਬੱਚਿਆਂ ਦੇ ਮਨ ਪਰਚਾਵੇ ਲਈ ਚੰਗਾ ਇੰਤਜ਼ਾਮ ਕੀਤਾ ਗਿਆ ਸੀ। ਵਿੱਕੀ ਢਿੱਲੋਂ ਨੇ ਸਮੂਹ ਕਮਿਉਨਿਟੀ ਨੂੰ ਅਪੀਲ ਕੀਤੀ ਕਿ ਬਰੈਂਪਟਨ ਦੇ ਵਿਕਾਸ ਨੂੰ ਤੇਜ਼ ਕਰਨ ਲਈ ਉਸਦਾ ਸਾਥ ਦਿੱਤਾ ਜਾਵੇ।

COLUMBUS TRUCK WASH
Open 7 Days
A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar)
905-672-1635

A1 HERBAL Ayurvedic Clinic
ਡਿਸਕ, ਮੋਚ, ਚੁੱਕ, ਧਰਨ, ਰੀਹ
● ਗਰਦਨ ਦਰਦ ● ਸਿਰਦਰਦ ● ਕਮਰ ਦਰਦ
● ਡਿਸਕ ਦਾ ਦਰਦ ● ਤੁਰਨ ਵੇਲੇ ਲੱਤਾਂ ਵਿੱਚ ਦਰਦ
● ਗੋਡਿਆਂ ਵਿੱਚ ਦਰਦ ਜਾਂ ਸੋਜ ● ਪੱਸਲੀਆਂ ਦਾ ਦਰਦ
● ਅੱਡੀਆਂ ਦਾ ਦਰਦ ● ਉੱਠ ਬੈਠ ਨਾ ਸਕਣਾ
ਗੱਠੀਆ ਦਾ ਪੱਕਾ ਹਰਬਲ ਇਲਾਜ
ਅਸੀਂ ਆਯੁਰਵੇਦਿਕ ਥੈਰਪੀ ਵੀ ਕਰਦੇ ਹਾਂ
ਜਿਵੇਂ ਸ਼ਿਰੋਧਾਰਾ, ਨੱਸਿਆ, ਨੇਤਰਵਸਤੀ
ਅਸੀਂ ਥੈਰਪੀ ਵਾਸਤੇ ਹਰ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
Herbalist G. Rubal RNCP
ਇੱਕ ਵਾਰ ਸੇਵਾ ਦਾ ਮੌਕਾ ਜਰੂਰ ਦਿਓ
www.A1HERBAL.ca
Ph# 905-874-3333
351 Parkhurst Sq, unit 11, Brampton ON L6T 0C2
Across from 747 Flea Market (Airport Rd & Steels Ave.)
Custom Orthotics ਲੈ ਸਕਦੇ ਹੋ

REXDALE FINANCIAL SERVICES
WE HELP YOU START GROW AND SUCCEED
Call now 416-674-8035
Tired pf Paying High Interest ?
PAY OFF YOUR DEBITS
BANKS SAY NO? WE SAY YES !
Increase Your Cash Flow by Upto 50%
YOU NEED A MORTGAGE ? WE'LL ARRANGE IT FOR YOU NO MATTER WHAT YOUR REASON IS !
Take advantage of the low mortgage rates that are being offered & save thousand of dollars
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
BEHIND ON YOUR MORTGAGE PAYMENTS ?
SHOPPING FOR A BETTER INTEREST RATE?
MORTGAGES SUITABLE FOR EVERY NEED !
1st, 2nd and 3rd Mortgages Available !
ALL IN ONE LOW MONTHLY PAYMENT !
Do You Want To?
• Pay Off All Your Credit Cards/Loans At Once
• Consolidate Your 1st & 2nd Mortgages
• Finance Those Renovations That Your Family Always Wants
• Renew Your Mortgage For Lower Rates
SELF-EMPLOYED OR UN-EMPLOYED
Some Conditions Apply
NO CREDIT ANY CREDIT
Om Mehta # M08006224 416-791-8193
Jaspal Singh Gahunia # M08006400 416-677-0047
The Mortgage Centre
19 Woodbine Downs Blvd., Unit 201, Etobicoke, ON M9W 6N5

UK Truck Training Centre
Ministry Approved Private Carrier College
○ Automatic & Manual Trucks
● 1 on 1 Training
○ Forklift Training
Forklift $79 Recertification
Counterbalance
Reach Truck
"We Provide Training For Forklift & Trucks"
17 ਸਾਲਾਂ ਦਾ ਤਜ਼ਰਬਾ | ਸਤੇ ਦਿਨ ਖੁੱਲਾ | ਗੋਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Kuldip Singh Grewal 647.894.8590
7542 Bath Rd, Mississauga, ON L4T 1L2
Off:905.673.7979

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
GAURAV GUPTA
905.796.3535
LAST MINUTE DEALS AVAILABLE
218 KINGKNOLL DR., BRAMPTON, ON L6Y 4X4

ShergGill Law Firm
Barrister, Solicitor & Notary Public
Services:
● Real Estate
● Residential, Commercial, Franchise
● Criminal Law
● Family Law
● Affidavit, Power Of Attorney & Notarization
● Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
● ਲਿਵਰ ਸਰੋਇਸਿਸ ਫੈਟੀ ਲਿਵਰ ਹੈਪਾਟਾਇਟਸ A, B &C ਪੀਲੀਆ
● ਡਿਪਰੈਸ਼ਨ ਦਾ ਸ਼ਰਤੀਆ ਇਲਾਜ਼
Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Self Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ।
ਅਡੀਆਂ ਦੀਆਂ ਹਡੀਆਂ ਵੱਧ ਜਾਣਾ ਅਤੇ ਦਰਦ ਦਾ ਪਕਾ ਇਲਾਜ
● ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ
ਫੇਸ ਤੇ ਫਿੰਸੀਆਂ, ਫੌੜੀਆ, ਮਹਾਵਾਰੀ ਤੇ ਔਰਤਾਂ ਦੀਆਂ ਯੁਟਰਸ ਦੀਆਂ ਰਸੌਲੀਆਂ ਜ਼ਿੱਦੀ ਸ਼ਾਈਆਂ ਵਰਗੀ ਬਿਮਾਰੀ ਤੋਂ ਛੁਟਕਾਰਾ ਪਾਓ।
● ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ, ਆਰਟਰੀ ਦੀ ਬਲੋਕੇਜ ਤੇ ਬਾਇਪਾਸ
● ਸਰਜਰੀ ਤੋ ਬਚਾਉ ਦਾ ਪਕਾ ਇਲਾਜ।
ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ। ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ। No side effects.
● ਬਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਆਦਿ ਲਈ ਸੰਪਕਰ ਕਰੋ
ਬਚਿਆਂ ਤੇ ਵਡਿਆਂ ਦੀ ਪਿਸ਼ਾਬ ਸੰਬੰਧੀ ਬਿਮਾਰੀਆਂ ਦਾ ਵੀ ਇਲਾਜ
● ਸੀਜ਼ਨਲ ਅਤੇ ਹਰ ਤਰ੍ਹਾਂ ਦੀ ਐਲਰਜੀ
ਅਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋਂ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ।
ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593
NO SIDE EFFECTS

# ਜ਼ਿਲ੍ਹਾ ਪ੍ਰੀਸ਼ਦ ਤੇ ਪੰਚਾਇਤ ਸਮਿਤੀ ਚੋਣਾਂ ਲਈ ਲੋਕਾਂ ਦਾ ਹੁੰਗਾਰਾ ਮੱਠਾ ਜਿਹਾ ਰਿਹਾ

## * 50 ਤੋਂ ਵੱਧ ਥਾਈਂ ਹਿੰਸਕ ਝੜਪਾਂ, ਕਈ ਥਾਈਂ ਬੂਥਾਂ ’ਤੇ ਕਬਜ਼ੇ



ਚੰਡੀਗੜ੍ਹ, 19 ਸਤੰਬਰ, (ਪੋਸਟ ਬਿਊਰੋ)- ਪੰਜਾਬ ਵਿੱਚ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸਮਿਤੀਆਂ ਲਈ ਅੱਜ ਪਈਆਂ ਵੋਟਾਂ ਦੀ ਪ੍ਰਕਿਰਿਆ ਦੇ ਦੌਰਾਨ ਆਮ ਲੋਕਾਂ ਨੇ ਬਹੁਤਾ ਉਤਸ਼ਾਹ ਨਹੀਂ ਦਿਖਾਇਆ ਅਤੇ ਲੋਕਤੰਤਰ ਦੀ ਨੀਂਹ ਕਹੀਆਂ ਜਾ ਰਹੀਆਂ ਇਨ੍ਹਾਂ ਪੰਚਾਇਤੀ ਸੰਸਥਾਵਾਂ ਦੀਆਂ ਚੋਣਾਂ ਵਿੱਚ ਮਸਾਂ 58.10 ਫੀਸਦੀ ਵੋਟ ਭੁਗਤੇ। ਇਸ ਦੌਰਾਨ ਕਾਂਗਰਸ ਅਤੇ ਅਕਾਲੀ ਦਲ ਦੇ ਆਗੂਆਂ ਵਿਚਾਲੇ ਕਈ ਥਾਂਈਂ ਤਿੱਖੀਆਂ ਝੜਪਾਂ ਹੋਈਆਂ ਹਨ।

ਮਿਲੀਆਂ ਰਿਪੋਰਟਾਂ ਮੁਤਾਬਕ ਪੰਜਾਬ ਵਿੱਚ ਅੱਜ ਸਥਾਨਕ ਚੋਣਾਂ ਦੌਰਾਨ ਕਈ ਥਾਈਂ ਗੋਲੀ ਚੱਲੀ, ਕਈ ਥਾਂਵਾਂ ਤੋਂ ਬੈਲੇਟ ਬਾਕਸ ਲੁੱਟੇ ਜਾਣ ਦੀ ਖਬਰ ਹੈ ਤੇ ਕਈ ਥਾਂ ਬੈਲੇਟ ਪੇਪਰ ਖੋਹੇ ਅਤੇ ਪਾੜੇ ਗਏ ਜਾਂ ਬੂਥਾਂ ’ਤੇ ਕਬਜ਼ੇ ਕਰਨ ਦੀਆਂ ਖ਼ਬਰਾਂ ਹਨ। ਕੁਝ ਥਾਂਈਂ ਪੋਲਿੰਗ ਬੂਥਾਂ ਉੱਤੇ ਚੋਣ ਅਮਲੇ ਨੂੰ ਧਮਕਾਇਆ ਗਿਆ ਹੈ। ਬਾਦਲ ਅਕਾਲੀ ਦਲ ਦਾ ਦਾਅਵਾ ਹੈ ਕਿ 60 ਦੇ ਕਰੀਬ ਥਾਵਾਂ ਉੱਤੇ ਬੂਥਾਂ ’ਤੇ ਕਬਜ਼ੇ ਤੇ ਹਿੰਸਾ ਦੀਆਂ ਘਟਨਾਵਾਂ ਵਾਪਰੀਆਂ ਹਨ। ਬਠਿੰਡਾ ਜ਼ਿਲ੍ਹੇ ਦੇ ਪਿੰਡ ਦੂਲੇਵਾਲਾ ਵਿੱਚ ਗੋਲੀ ਚੱਲਣ ਨਾਲ ਇੱਕ ਲੜਕੀ ਜ਼ਖ਼ਮੀ ਹੋਈ ਹੈ। ਮੁਕਤਸਰ, ਅੰਮ੍ਰਿਤਸਰ ਅਤੇ ਤਰਨ ਤਾਰਨ ਜ਼ਿਲ੍ਹਿਆਂ ਵਿੱਚ ਵੀ ਗੋਲੀ ਚੱਲੀ ਤੇ ਪਟਿਆਲਾ ਜ਼ਿਲ੍ਹੇ ਦੇ ਪਿੰਡ ਥੂਹੀ ਦੇ ਪੋਲਿੰਗ ਬੂਥ ਉੱਤੇ ਦੋ ਦਰਜਨ ਦੇ ਕਰੀਬ ਲੋਕਾਂ ਵੱਲੋਂ ਕਬਜ਼ਾ ਕਰਨ ਦੀ ਖਬਰ ਹੈ। ਪੰਜਾਬ ਪੁਲੀਸ ਦੇ ਸੀਨੀਅਰ ਅਧਿਕਾਰੀਆਂ ਦਾ ਦਾਅਵਾ ਹੈ ਕਿ ਪੰਜਾਬ ਵਿੱਚ ਇਨ੍ਹਾਂ ਚੋਣਾਂ ਦੌਰਾਨ ਹਿੰਸਾ ਦੀ ਕੋਈ ਵੱਡੀ ਘਟਨਾ ਨਹੀਂ ਵਾਪਰੀ।

ਜ਼ਿਲ੍ਹਾ ਤੇ ਬਲਾਕ ਪੱਧਰ ਦੀਆਂ ਚੋਣਾਂ ਦੌਰਾਨ ਅੱਜ ਜਿੱਥੇ ਸਥਿਤੀ ਵੱਧ ਤਣਾਅ ਵਾਲੀ ਰਹੀ, ਉਨ੍ਹਾਂ ਵਿੱਚ ਬਠਿੰਡਾ ਜ਼ਿਲ੍ਹੇ ਦਾ ਰਾਮਪੁਰਾ ਫੂਲ ਹਲਕਾ, ਅੰਮ੍ਰਿਤਸਰ ਦਾ ਮਜੀਠਾ ਹਲਕਾ, ਮੁਕਤਸਰ ਜ਼ਿਲ੍ਹੇ ਦੇ ਲਗਭਗ ਅੱਧੀ ਦਰਜਨ ਪਿੰਡ, ਫਿਰੋਜ਼ਪੁਰ, ਪਟਿਆਲਾ ਅਤੇ ਸੰਗਰੂਰ ਜ਼ਿਲਿਆਂ ਦੇ ਕੁਝ ਪਿੰਡ ਸ਼ਾਮਲ ਹਨ। ਮੁਕਤਸਰ ਜ਼ਿਲ੍ਹੇ ਵਿੱਚ ਕਾਂਗਰਸ ਦੇ ਇੱਕ ਉਮੀਦਵਾਰ ਦੀ ਗੱਡੀ ਭੰਨ ਦਿੱਤੀ ਗਈ। ਸਿਆਸੀ ਪਾਰਟੀਆਂ ਵਿਚਾਲੇ ਇਸ ਲੜਾਈ ਅਤੇ ਹਿੰਸਾ ਨੂੰ ਸਿਵਲ ਤੇ ਪੁਲੀਸ ਪ੍ਰਸ਼ਾਸਨ ਦੇ ਅਫਸਰਾਂ ਨੇ ਆਮ ਕਰ ਕੇ ਸਿਰਫ ਦਰਸ਼ਕ ਬਣ ਕੇ ਦੇਖਿਆ। ਇਸ ਹਿੰਸਾ ਕਰਕੇ ਲੋਕਾਂ ਵਿੱਚ ਵੋਟਾਂ ਪਾਉਣ ਦਾ ਰੁਝਾਨ ਵੀ ਬੜਾ ਘੱਟ ਰਿਹਾ। ਇੰਜ ਲੱਗਦਾ ਸੀ, ਜਿਵੇਂ ਲੋਕ ਵੋਟਾਂ ਪਾਉਣ ਲਈ ਘਰਾਂ ਤੋਂ ਨਿਕਲਣ ਨੂੰ ਉਤਸ਼ਾਹਤ ਹੀ ਨਹੀਂ ਸਨ। ਇਸ ਲਈ ਸੱਠ ਫੀਸਦੀ ਤੋਂ ਵੀ ਘੱਟ ਵੋਟਾਂ ਪਈਆਂ ਸਨ।

ਪੰਜਾਬ ਦੇ ਚੋਣ ਕਮਿਸ਼ਨਰ ਜਗਪਾਲ ਸਿੰਘ ਸੰਧੂ ਨੂੰ ਲੱਗਭਗ ਸਾਰੇ ਜ਼ਿਲਿਆਂ ਦੇ ਅਧਿਕਾਰੀਆਂ ਨੇ ‘ਸਭ ਅੱਛਾ’ ਦੀ ਖਬਰ ਦਿੱਤੀ ਦੱਸੀ ਗਈ ਹੈ। ਮੋਗਾ ਜ਼ਿਲ੍ਹੇ ਦੇ ਪਿੰਡ ਨਵਾਂ ਰੋਡੇ ਤੋਂ ਸਵੇਰੇ 11 ਵਜੇ ਦੇ ਕਰੀਬ ਬੂਥ ’ਤੇ ਕਬਜ਼ੇ ਦੀਆਂ ਰਿਪੋਰਟ ਆਈ ਤੇ ਫਿਰ ਹੋਰ ਥਾਂਵਾਂ ਤੋਂ ਵੀ ਉਮੀਦਵਾਰਾਂ ਤੇ ਉਨ੍ਹਾਂ ਦੇ ਹਮਾਇਤੀਆਂ ਵਿਚਾਲੇ ਡਾਂਗਾਂ ਚੱਲਣ ਅਤੇ ਪਥਰਾਅ ਦੀਆਂ ਖਬਰਾਂ ਆਉਣ ਲੱਗ ਪਈਆਂ ਸਨ, ਜਿਨ੍ਹਾਂ ਨੂੰ ਮੋਬਾਈਲ ਫੋਨਾਂ ਦੇ ਕੈਮਰਿਆਂ ਰਾਹੀਂ ਲੋਕਾਂ ਨੇ ਸੋਸ਼ਲ ਮੀਡੀਆਂ ਉੱਤੇ ਕਈ ਥਾਂਈ ਪਾਇਆ, ਪਰ ਪ੍ਰਸ਼ਾਸਨ ਨੂੰ ਇਸ ਦੀ ਭਿਣਕ ਨਹੀਂ ਪਈ।

ਹਿੰਸਾ ਦੀਆਂ ਖਬਰਾਂ ਆਉਣ ਪਿੱਛੋਂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਪਣੀ ਪਾਰਟੀ ਦੇ ਵਰਕਰਾਂ ਤੇ ਆਗੂਆਂ ਦੀ ਅਗਵਾਈ ਕਰਦਿਆਂ ਟੱਕਰ ਲੈਣ ਦੀਆਂ ਹਦਾਇਤਾਂ ਦੇਣ ਜਾਂ ਖੁਦ ‘ਮੈਦਾਨ’ ਵਿੱਚ ਨਿਕਲਣ ਦੀਆਂ ਵੀ ਖਬਰਾਂ ਹਨ। ਖੁਦ ਸੁਖਬੀਰ ਸਿੰਘ ਬਾਦਲ ਨੇ ਵੀ ਇੱਕ ਬੂਥ ਉੱਤੇ ਪੁਲੀਸ ਮੁਲਾਜ਼ਮਾਂ ਨਾਲ ‘ਟੱਕਰ’ ਲਈ। ਅਕਾਲੀ ਦਲ ਤੇ ਕਾਂਗਰਸ ਦੋਵਾਂ ਨੇ ਇਨ੍ਹਾਂ ਚੋਣਾਂ ਵਿੱਚ ਤਾਕਤ ਦਾ ਖੁੱਲ੍ਹ ਕੇ ਪ੍ਰਗਟਾਵਾ ਕੀਤਾ, ਪਰ ਕਿਸੇ ਤੀਸਰੀ ਧਿਰ ਬਾਰੇ ਏਦਾਂ ਦੀਆਂ ਖਾਸ ਰਿਪੋਰਟਾਂ ਨਹੀਂ ਮਿਲੀਆਂ।

ਅੱਜ ਸ਼ਾਮ ਪੰਜਾਬ ਦੇ ਚੋਣ ਕਮਿਸ਼ਨਰ ਜਗਪਾਲ ਸਿੰਘ ਸੰਧੂ ਨੇ ਜ਼ਿਲ੍ਹਾ ਪ੍ਰੀਸ਼ਦ ਤੇ ਪੰਚਾਇਤ ਸਮਿਤੀਆਂ ਦੇ ਕਈ ਬੂਥਾਂ ’ਤੇ ਕਬਜ਼ੇ ਜਾਂ ਚੋਣਾਂ ਲਈ ਬੈਲਟ ਪੇਪਰ ਗਲਤ ਪਹੁੰਚਣ ਕਾਰਨ 42 ਪੋਲਿੰਗ ਬੂਥਾਂ ਉੱਤੇ ਦੋਬਾਰਾ ਵੋਟਾਂ ਪਵਾਉਣ ਦਾ ਹੁਕਮ ਦਿੱਤਾ ਹੈ। ਇਨ੍ਹਾਂ ਵਿੱਚ ਮੁਕਤਸਰ ਬਲਾਕ ਦੇ 10, ਲੰਬੀ ਦੇ 11 ਬੂਥ, ਮਲੋਟ ਦੇ 10, ਗਿੱਦੜਬਾਹਾ ਦਾ 1 ਬੂਥ, ਅੰਮ੍ਰਿਤਸਰ ਜ਼ਿਲੇ ਦੇ ਅਜਨਾਲਾ ਬਲਾਕ ਦਾ 1 ਬੂਥ, ਤਰਸਿੱਕਾ ਬਲਾਕ ਦੇ 7 ਬੂਥ ਅਤੇ ਮੋਗਾ ਜ਼ਿਲੇ ਦੇ ਬਾਘਾ ਪੁਰਾਣਾ ਦਾ ਇੱਕ ਬੂਥ ਸ਼ਾਮਲ ਹਨ। ਪੰਜਾਬ ਦੇ ਚੋਣ ਕਮਿਸ਼ਨ ਮੁਤਾਬਕ ਅੱਜ ਜ਼ਿਲ੍ਹਾ ਪ੍ਰੀਸ਼ਦ ਤੇ ਪੰਚਾਇਤ ਸਮਿਤੀਆਂ ਲਈ 58.10 ਫੀਸਦੀ ਵੋਟਾਂ ਪਈਆਂ। ਮਾਨਸਾ ਜ਼ਿਲ੍ਹੇ ਵਿੱਚ ਸਭ ਤੋਂ ਵੱਧ ਉਤਸ਼ਾਹ ਸੀ ਤੇ 71.66 ਫੀਸਦੀ ਲੋਕਾਂ ਨੇ ਵੋਟਾਂ ਪਾਈਆਂ। ਅੰਮ੍ਰਿਤਸਰ ਵਿੱਚ 52 ਫੀਸਦੀ, ਬਠਿੰਡਾ 55 ਫੀਸਦੀ, ਬਰਨਾਲਾ 57 ਫੀਸਦੀ, ਫਤਿਹਗੜ੍ਹ ਸਾਹਿਬ 64 ਫੀਸਦੀ, ਫ਼ਰੀਦਕੋਟ 63 ਫੀਸਦੀ, ਫਾਜ਼ਿਲਕਾ 64 ਫੀਸਦੀ, ਗੁਰਦਾਸਪੁਰ 47 ਫੀਸਦੀ, ਹੁਸ਼ਿਆਰਪੁਰ 50.86, ਜਲੰਧਰ 51.6 ਫੀਸਦੀ, ਕਪੂਰਥਲਾ 60 ਫੀਸਦੀ, ਲੁਧਿਆਣਾ 57 ਫੀਸਦੀ, ਮੋਗਾ 57 ਫੀਸਦੀ, ਮੁਕਤਸਰ ਸਾਹਿਬ 58 ਫੀਸਦੀ, ਪਟਿਆਲਾ 62 ਫੀਸਦੀ, ਪਠਾਨਕੋਟ 57 ਫੀਸਦੀ, ਰੂਪਨਗਰ 61 ਫੀਸਦੀ, ਸੰਗਰੂਰ 64 ਫੀਸਦੀ, ਮੁਹਾਲੀ ਵਿੱਚ 65 ਫੀਸਦੀ, ਨਵਾਂਸ਼ਹਿਰ 60.37 ਫੀਸਦੀ ਅਤੇ ਤਰਨ ਤਾਰਨ 43.77 ਫੀਸਦੀ ਵੋਟਾਂ ਪਈਆਂ।

ਇੱਕ ਖਬਰ ਮੁਤਾਬਕ ਅੱਜ ਮੰਡੀ ਕਿੱਲਿਆਂਵਾਲੀ ਵਿੱਚ ਕਾਂਗਰਸ ਉਮੀਦਵਾਰ ਦੇ ਸਮਰਥਕ ਰਾਜਿੰਦਰ ਸਿੰਘ ਦੀ ਮਾਰ-ਕੁੱਟ ਦੇ ਦੋਸ਼ ਵਿੱਚ ਸਾਬਕਾ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਕੁਝ ਅਣਪਛਾਤੇ ਲੋਕਾਂ ਉਤੇ ਕੇਸ ਦਰਜ ਕੀਤਾ ਗਿਆ ਹੈ। ਲੰਬੀ ਪੁਲੀਸ ਨੇ ਜਤਿੰਦਰ ਸਿੰਘ ਵਾਸੀ ਚੱਕ ਮਿੱਡੂ ਸਿੰਘ ਵਾਲਾ ਦੀ ਸ਼ਿਕਾਇਤ ’ਤੇ ਪਰਚਾ ਦਰਜ ਕੀਤਾ ਹੈ। ਸ਼ਿਕਾਇਤ ਕਰਤਾ ਜ਼ਿਲ੍ਹਾ ਪ੍ਰੀਸ਼ਦ ਜ਼ੋਨ ਕਿੱਲਿਆਂਵਾਲੀ ਤੋਂ ਕਾਂਗਰਸ ਉਮੀਦਵਾਰ ਰਵਿੰਦਰਪਾਲ ਸਿੰਘ ਰੰਮੀ ਦਾ ਸਕਾ ਭਰਾ ਹੈ। ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਖਿਲਾਫ਼ ਕੇਸ ਦਰਜ ਹੋਣ ਦੇ ਲਈ ਕਾਂਗਰਸੀ ਆਗੂ ਗੁਰਜੰਟ ਸਿੰਘ ਬਰਾੜ ਦੀ ਕੋਠੀ ਵਿੱਚ ਲੱਗੇ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਆਧਾਰ ਮੰਨੀ ਗਈ ਹੈ।

# ਬੇਅਦਬੀ ਕੇਸ: ਪੰਜਾਬ ਸਰਕਾਰ ਨੇ ਹਾਈ ਕੋਰਟ ਤੋਂ ਅੰਤਰਿਮ ਹੁਕਮਾਂ ਬਾਰੇ ਰਾਹਤ ਮੰਗੀ

ਚੰਡੀਗੜ੍ਹ, 19 ਸਤੰਬਰ, (ਪੋਸਟ ਬਿਊਰੋ)- ਤਿੰਨ ਸਾਲ ਪਹਿਲਾਂ ਪੰਜਾਬ ਵਿੱਚ ਹੋਈਆਂ ਬੇਅਦਬੀ ਦੀਆਂ ਘਟਨਾਵਾਂ ਅਤੇ ਇਸ ਦੌਰਾਨ ਹੋਏ ਰੋਸ ਮੁਜ਼ਾਹਰਿਆਂ ਉੱਤੇ ਗੋਲੀ ਚਲਾਉਣ ਦੇ ਦੋਸ਼ਾਂ ਵਿਚ ਫਸੇ ਹੋਏ ਦੋ ਸਾਬਕਾ ਐਸ ਐਸ ਪੀਜ਼ ਅਤੇ ਇਕ ਐਸ ਐਚ ਓ ਦੇ ਖ਼ਿਲਾਫ਼ ਅਗਲੀ ਕਾਰਵਾਈ ਉੱਤੇ ਰੋਕ ਲਾਉਣ ਦੇ ਹੁਕਮ ਜਾਰੀ ਹੋਣ ਤੋਂ ਕਰੀਬ ਇਕ ਹਫ਼ਤਾ ਲੰਘ ਜਾਣ ਦੇ ਬਾਅਦ ਪੰਜਾਬ ਸਰਕਾਰ ਨੇ ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਆਪਣਾ ਜਵਾਬ ਦਾਖਲ ਕਰ ਕੇ ਅਦਾਲਤ ਨੂੰ ਬੇਨਤੀ ਕੀਤੀ ਹੈ ਕਿ ਪਿਛਲੇ ਅੰਤਰਿਮ ਹੁਕਮ ਵਾਪਸ ਲੈ ਲਏ ਜਾਣੇ ਚਾਹੀਦੇ ਹਨ। ਇਸ ਬਾਰੇ ਪੰਜਾਬ ਸਰਕਾਰ ਨੇ ਆਪਣੇ ਜਵਾਬ ਵਿੱਚ ਕਿਹਾ ਹੈ ਕਿ ਕੋਰਟ ਦੇ ਪਹਿਲੇ ਹੁਕਮਾਂ ਵਿੱਚ ਇਨ੍ਹਾਂ ਪੁਲਸ ਅਫਸਰਾਂ ਨੂੰ ਅੰਤਰਿਮ ਰਾਹਤ ਦੇਣ ਨਾਲ ਕਈ ਮੁਸ਼ਕਲਾਂ ਆ ਸਕਦੀਆਂ ਹਨ ਤੇ ਇਹ ਹੁਕਮ ਪਟੀਸ਼ਨਰ ਪੁਲਸ ਅਫਸਰਾਂ ਦੇ ਖ਼ਿਲਾਫ਼ ਕਿਸੇ ਵੀ ਕਿਸਮ ਦੀ ਅਗਲੀ ਕਾਰਵਾਈ ਉਤੇ ਰੋਕ ਵਰਗੇ ਹਨ। ਸਾਬਕਾ ਐਸ ਐਸ ਪੀਜ਼ ਚਰਨਜੀਤ ਸਿੰਘ ਤੇ ਰਘਬੀਰ ਸਿੰਘ ਸੰਧੂ ਅਤੇ ਓਦੋਂ ਦੇ ਐਸ ਐਚ ਓ ਬਾਜਾਖ਼ਾਨਾ ਅਮਰਜੀਤ ਸਿੰਘ ਨੇ ਆਪਣੀ ਅਰਜ਼ੀ ਵਿੱਚ ਕਿਹਾ ਸੀ ਕਿ ਪਹਿਲਾਂ ਬਣੇ ਜਸਟਿਸ ਜ਼ੋਰਾ ਸਿੰਘ ਕਮਿਸ਼ਨ ਤੋਂ ਬਾਅਦ ਦੂਸਰਾ ਕਮਿਸ਼ਨ ਕਾਇਮ ਨਹੀਂ ਕੀਤਾ ਜਾ ਸਕਦਾ ਤੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਨੇ ਅਰਧ ਜੁਡੀਸ਼ਲ ਕੰਮ ਕਰ ਕੇ ਅਧਿਕਾਰ ਖੇਤਰ ਦੀ ਉਲੰਘਣਾ ਕੀਤੀ ਹੈ ਤੇ ਇਸ ਨੇ ਜਾਂਚ ਦੇ ਦੌਰਾਨ ਇਨ੍ਹਾਂ ਪੁਲਸ ਅਫਸਰਾਂ ਨੂੰ ਇਨਕੁਆਰੀ ਕਮਿਸ਼ਨ ਐਕਟ ਦੀ ਧਾਰਾ 8-ਬੀ ਵਾਲੇ ਨੋਟਿਸ ਵੀ ਨਹੀਂ ਦਿੱਤੇ ਸਨ। ਪੰਜਾਬ ਸਰਕਾਰ ਦੇ ਵਕੀਲ ਨੇ ਇਨ੍ਹਾਂ ਨੁਕਤਿਆਂ ਦਾ ਜਵਾਬ ਦਿੰਦੇ ਹੋਏ ਦਾਅਵਾ ਕੀਤਾ ਕਿ ਇਕ ਤੋ ਬਾਅਦ ਦੂਜਾ ਕਮਿਸ਼ਨ ਕਾਇਮ ਕਰਨ ਉੱਤੇ ਕੋਈ ਪਾਬੰਦੀ ਨਹੀਂ ਹੈ, ਜੇ ਇਸ ਦੀ ਢੁਕਵੀਂ ਪ੍ਰਵਾਨਗੀ ਮਿਲ ਚੁੱਕੀ ਹੋਵੇ ਤਾਂ ਇਕੋ ਵੇਲੇ ਅਜਿਹੇ ਦੋ ਕਮਿਸ਼ਨਾਂ ਦੇ ਕੰਮ ਕਰਨ ਉੱਤੇ ਵੀ ਪਾਬੰਦੀ ਨਹੀਂ। ਸਰਕਾਰ ਦਾ ਮੱਤ ਸੀ ਕਿ ਜਸਟਿਸ ਜ਼ੋਰਾ ਸਿੰਘ ਕਮਿਸ਼ਨ ਦੀ ਰਿਪੋਰਟ ਪ੍ਰਵਾਨ ਨਹੀਂ ਹੋਈ ਸੀ, ਇਸ ਲਈ ਨਵਾਂ ਜਾਂਚ ਕਮਿਸ਼ਨ ਬਣਾਇਆ ਗਿਆ ਸੀ। ਜਸਟਿਸ ਰਣਜੀਤ ਸਿੰਘ ਕਮਿਸ਼ਨ ਦਾ ਘੇਰਾ ਪਹਿਲੇ ਕਮਿਸ਼ਨ ਤੋਂ ਕਾਫ਼ੀ ਵੱਡਾ ਸੀ, ਜਿਸ ਵਿੱਚ ਭਾਗਵਤ ਗੀਤਾ ਅਤੇ ਕੁਰਾਨ ਸ਼ਰੀਫ਼ ਦੀ ਬੇਅਦਬੀ ਦੀਆਂ ਘਟਨਾਵਾਂ ਵੀ ਸ਼ਾਮਲ ਸਨ। ਜਸਟਿਸ ਜ਼ੋਰਾ ਸਿੰਘ ਕਮਿਸ਼ਨ ਦਾ ਕਾਰਜਕਾਲ ਰਿਪੋਰਟ ਪੇਸ਼ ਕਰਨ ਨਾਲ ਆਪਣੇ ਆਪ ਪੂਰਾ ਹੋ ਗਿਆ ਸੀ ਤੇ ਕਾਨੂੰਨ ਦੀ ਨਜ਼ਰ ਵਿੱਚ ਇਸ ਦੀ ਹੋਂਦ ਨਹੀਂ ਰਹੀ ਸੀ। ਇਸ ਜਵਾਬ ਦਾਅਵੇ ਵਿੱਚ ਇਹ ਵੀ ਕਿਹਾ ਗਿਆ ਕਿ ਚਰਨਜੀਤ ਸਿੰਘ ਅਤੇ ਅਮਰਜੀਤ ਸਿੰਘ ਨੂੰ ਧਾਰਾ 8-ਬੀ ਦੇ ਆਪਣੇ ਅਧਿਕਾਰਾਂ ਦੀ ਵਰਤੋਂ ਕਰਨ ਦਾ ਹੱਕ ਦਿੱਤਾ ਗਿਆ ਸੀ। ਸਰਕਾਰ ਦੇ ਮੁਤਾਬਕ ਸਾਬਕਾ ਐਸ ਐਸ ਪੀ ਚਰਨਜੀਤ ਸਿੰਘ ਨੇ ਕਮਿਸ਼ਨ ਅੱਗੇ 3 ਅਗਸਤ 2017 ਨੂੰ ਪੇਸ਼ੀ ਦੌਰਾਨ ਧਾਰਾ 8-ਬੀ ਦੇ ਅਧਿਕਾਰਾਂ ਦਾ ਖੁਲਾਸਾ ਕੀਤਾ ਤੇ ਉਸ ਨੇ ਬਿਆਨ ਉਤੇ ਦਸਖ਼ਤ ਕੀਤੇ ਸਨ। 4 ਸਤੰਬਰ 2017 ਨੂੰ ਪੇਸ਼ੀ ਮੌਕੇ ਉਸ ਨੂੰ ਇਸ ਧਾਰਾ ਹੇਠ ਮੁੜ ਜਵਾਬ ਦੇਣ ਦਾ ਮੌਕਾ ਮਿਲਿਆ ਸੀ। ਇਸ ਤਰ੍ਹਾਂ ਉਸ ਨੂੰ ਇਕ ਨਹੀਂ, ਦੋ ਮੌਕੇ ਮਿਲੇ ਸਨ, ਜਿਹੜਾ ਤੱਥ ਅਦਾਲਤ ਤੋਂ ਲੁਕਾ ਕੇ ਪੀੜਤ ਹੋਣ ਦਾ ਗ਼ਲਤ ਅਧਾਰ ਪੇਸ਼ ਕੀਤਾ ਹੈ।

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇਂ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

# ਯੂਰਪ ਵਿੱਚ ਘੜੀ ਦੀਆਂ ਸੂਈਆਂ ਦੇ ਮੁੱਦੇ ਤੋਂ ਖਿੱਚੋਤਾਣ

ਬਰੂਸੇਲਸ, 19 ਸਤੰਬਰ (ਪੋਸਟ ਬਿਊਰੋ)- ਅਮਰੀਕਾ, ਕੈਨੇਡਾ, ਆਸਟਰੇਲੀਆ, ਨਿਊਜ਼ੀਲੈਂਡ ਵਾਂਗ ਯੂਰਪੀ ਦੇਸ਼ਾਂ ਵਿੱਚ ਵੀ ਦਿਨ ਦੀ ਰੋਸ਼ਨੀ ਦੀ ਵਰਤੋਂ ਕਰਨ ਲਈ ਸਾਲ ਵਿੱਚ ਦੋ ਵਾਰ ਘੜੀ ਦਾ ਸਮਾਂ ਬਦਲਿਆ ਜਾਂਦਾ ਹੈ। ਇਸ ਵਾਰੀ ਇਸ ਬਾਰੇ ਕੁਝ ਤਬਦੀਲੀ ਹੋਣ ਵਾਲੀ ਹੈ। ਯੂਰਪੀ ਯੂਨੀਅਨ ਅਗਲੇ ਸਾਲ ਤੋਂ ਇਸ ਫਾਰਮੂਲੇ ਨੂੰ ਖਤਮ ਕਰਨ ਵਾਲੀ ਹੈ। ਇਸ ਮੁੱਦੇ ਨੂੰ ਲੈ ਕੇ ਮੈਂਬਰ ਦੇਸ਼ਾਂ ਦੇ ਵਿਚਾਲੇ ਮਤਭੇਦ ਉਭਰ ਕੇ ਸਾਹਮਣੇ ਆਉਣ ਲੱਗੇ ਹਨ।

ਅਸਲ ਵਿੱਚ ਦਿਨ ਦੀ ਰੋਸ਼ਨੀ ਬਚਾਉਣ ਦੇ ਲਈ ਬਸੰਤ ਵਿੱਚ ਘੜੀ ਦੀਆਂ ਸੂਈਆਂ ਜਿਵੇਂ ਅਮਰੀਕਾ, ਕੈਨੇਡਾ, ਆਸਟਰੇਲੀਆ, ਨਿਊਜ਼ੀਲੈਂਡ ਵਿੱਚ ਇਕ ਘੰਟੇ ਅੱਗੇ ਕਰ ਦਿੱਤੀਆਂ ਜਾਂਦੀਆਂ ਹਨ, ਉਵੇਂ ਹੀ ਯੂਰਪ ਵਿੱਚ ਵੀ ਹੁੰਦਾ ਹੈ, ਤਾਂ ਕਿ ਸ਼ਾਮ ਨੂੰ ਸੂਰਜ ਦੀ ਚਮਕ ਨੂੰ ਜ਼ਿਆਦਾ ਦੇਰ ਤੱਕ ਵਰਤਿਆ ਜਾ ਸਕੇ। ਇਸ ਕੰਮ ਦੇ ਲਈ ਸਵੇਰ ਦੇ ਇਕ ਘੰਟੇ ਦੀ ਕੁਰਬਾਨੀ ਦਿੱਤੀ ਜਾਂਦੀ ਹੈ। ਠੰਢ ਦੇ ਦਿਨਾਂ ਵਿੱਚ ਇਸ ਨੂੰ ਦੁਬਾਰਾ ਇਕ ਘੰਟਾ ਘੱਟ ਕਰ ਦਿੱਤਾ ਜਾਂਦਾ ਹੈ, ਪਰ ਰੋਸ਼ਨੀ ਬਚਾਉਣ ਦਾ ਇਹ ਸਿਸਟਮ ਲੋਕਾਂ ਦੇ ਨੀਂਦ ਚੱਕਰ ਵਿੱਚ ਖਲਲ ਪੈਦਾ ਕਰਨ ਦੇ ਨਾਲ ਹੀ ਯਾਤਰਾ, ਬਿਲਿੰਗ, ਰਿਕਾਰਡ ਕੀਪਿੰਗ ਤੇ ਮੈਡੀਕਲ ਯੰਤਰਾਂ ਦੇ ਰੱਖ ਰਖਾਅ ਵਿੱਚ ਪਰੇਸ਼ਾਨੀ ਪੈਦਾ ਕਰਦਾ ਹੈ, ਇਸ ਲਈ ਇਸ ਦੀ ਆਲੋਚਨਾ ਸ਼ੁਰੂ ਹੋ ਗਈ ਹੈ। ਯੂਰਪੀ ਯੂਨੀਅਨ ਦੇ ਇਕ ਆਨਲਾਈਨ ਸਰਵੇ ਵਿੱਚ ਲੋਕਾਂ ਨਾਲ ਭਾਰੀ ਬਹੁਮਤ ਨਾਲ ਸਮਾਂ ਬਦਲਣ ਦੀ ਪ੍ਰਥਾ ਨੂੰ ਖਤਮ ਕਰਨ ਦੀ ਮੰਗ ਕੀਤੀ ਹੈ, ਜਿਸ ਵਿੱਚ 46 ਲੱਖ ਲੋਕਾਂ ਨੇ ਹਿੱਸਾ ਲਿਆ। ਸਰਵੇ ਦੇ ਬਾਅਦ ਯੂਰਪੀ ਯੂਨੀਅਨ ਨੇ ਅਕਤੂਬਰ 2019 ਤੋਂ ਸਮਾਂ ਬਦਲਣ ਨੂੰ ਬੰਦ ਕਰਨ ਦਾ ਫੈਸਲਾ ਲਿਆ, ਪਰ ਇਸ 'ਤੇ ਯੂਰਪੀ ਦੇਸ਼ ਸਹਿਮਤ ਨਹੀਂ ਹਨ। ਪੁਰਤਗਾਲ, ਸਾਈਪ੍ਰਸ ਤੇ ਪੋਲੈਂਡ ਵਰਗੇ ਦੇਸ਼ ਗਰਮੀਆਂ ਦੇ ਟਾਈਮ ਨੂੰ ਪੂਰਾ ਸਾਲ ਜਾਰੀ ਰੱਖਣਾ ਚਾਹੁੰਦੇ ਹਨ, ਜਦ ਕਿ ਫਿਨਲੈਂਡ, ਡੈਨਮਾਰਕ ਅਤੇ ਨੀਦਰਲੈਂਡ ਦੇ ਲੋਕ ਸਾਰਾ ਸਾਲ ਵਿੰਟਰ ਟਾਈਮ ਚਾਹੁੰਦੇ ਹਨ।

# ਮੋਦੀ ਸਰਕਾਰ ਨੇ ਤਿੰਨ ਤਲਾਕ ਮੁੱਦੇ ਤੋਂ ਆਰਡੀਨੈਂਸ ਮਨਜ਼ੂਰੀ ਦਾ ਵੱਡਾ ਕਦਮ ਚੁੱਕਿਆ

ਨਵੀਂ ਦਿੱਲੀ, 19 ਸਤੰਬਰ, (ਪੋਸਟ ਬਿਊਰੋ)- ਭਾਰਤ ਦੀ ਨਰਿੰਦਰ ਮੋਦੀ ਸਰਕਾਰ ਨੇ ਤਿੰਨ ਤਲਾਕ ਬਾਰੇ ਆਰਡੀਨੈਂਸ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਹ ਬਿੱਲ ਪਿਛਲੇ 2 ਸੈਸ਼ਨਾਂ ਤੋਂ ਰਾਜ ਸਭਾ ਵਿੱਚ ਪਾਸ ਨਹੀਂ ਹੋ ਸਕਿਆ ਸੀ। ਜਾਣਕਾਰ ਸੂਤਰਾਂ ਮੁਤਾਬਕ ਕੈਬਨਿਟ ਨੇ ਇਹ ਆਰਡੀਨੈਂਸ ਪਾਸ ਕਰ ਦਿੱਤਾ ਹੈ, ਜਿਹੜਾ ਛੇ ਮਹੀਨੇ ਲਾਗੂ ਰਹੇਗਾ, ਜਿਸ ਦੌਰਾਨ ਸਰਕਾਰ ਨੂੰ ਇਸ ਬਾਰੇ ਬਿੱਲ ਪਾਸ ਕਰਵਾਉਣ ਲਈ ਪਾਰਲੀਮੈਂਟ ਵਿੱਚ ਪੇਸ਼ ਕਰਨਾ ਹੋਵੇਗਾ।

ਵਰਨਣ ਯੋਗ ਹੈ ਕਿ ਤਿੰਨ ਤਲਾਕ ਦੇ ਮੁੱਦੇ ਉੱਤੇ ਮੋਦੀ ਸਰਕਾਰ ਦਾ ਇੱਕ ਪੈਂਤੜਾ ਰਿਹਾ ਹੈ। ਇਸ ਲਈ ਸਰਕਾਰ ਨੇ ਬਿੱਲ ਪੇਸ਼ ਕੀਤਾ ਸੀ। ਕਾਂਗਰਸ ਤੇ ਹੋਰ ਵਿਰੋਧੀ ਦਲਾਂ ਦੇ ਵਿਰੋਧ ਕਾਰਨ ਇਸ ਬਿੱਲ ’ਚ ਸੋਧ ਕੀਤੀ ਗਈ, ਪਰ ਇਸ ਦੇ ਬਾਵਜੂਦ ਇਹ ਰਾਜ ਸਭਾ ’ਚ ਪਾਸ ਨਹੀਂ ਹੋ ਸਕਿਆ ਸੀ। ਲੋਕ ਸਭਾ ’ਚ ਬਿੱਲ ਪਾਸ ਹੋ ਚੁੱਕਾ ਹੈ। ਤਿੰਨ ਤਲਾਕ ਬਿੱਲ ਇਸ ਤੋਂ ਪਹਿਲਾਂ ਬਜਟ ਸੈਸ਼ਨ ਅਤੇ ਮਾਨਸੂਨ ਸੈਸ਼ਨ ’ਚ ਪੇਸ਼ ਹੋਇਆ ਤੇ ਰਾਜ ਸਭਾ ਵਿੱਚ ਪਾਸ ਨਹੀਂ ਹੋ ਸਕਿਆ ਸੀ। ਭਾਰਤੀ ਜਨਤਾ ਪਾਰਟੀ ਵੱਲੋਂ ਕਾਂਗਰਸ ਉਤੇ ਤਿੰਨ ਤਲਾਕ ਬਿੱਲ ਨੂੰ ਰੋਕਣ ਦਾ ਦੋਸ਼ ਲਾਇਆ ਜਾ ਰਿਹਾ ਹੈ।

ਇਸ ਸੋਧ ਨਾਲ ਤਿੰਨ ਤਲਾਕ ਬਿੱਲ ਦੇ ਮੁਤਾਬਕ ਮੁਕੱਦਮੇ ਤੋਂ ਪਹਿਲਾਂ ਪੀੜਤ ਲੋਕਾਂ ਦਾ ਪੱਖ ਸੁਣ ਕੇ ਮੈਜਿਸਟ੍ਰੇਟ ਦੋਸ਼ੀ ਨੂੰ ਜ਼ਮਾਨਤ ਦੇ ਸਕਦਾ ਹੈ ਅਤੇ ਪੀੜਤਾ, ਪਰਿਵਾਰਕ ਮੈਂਬਰ ਤੇ ਖੂਨ ਦੇ ਰਿਸ਼ਤੇਦਾਰ ਹੀ ਕੇਸ ਦਰਜ ਕਰਵਾ ਸਕਦੇ ਹਨ। ਬਿੱਲ ਦੇ ਮੁਤਾਬਕ ਮੈਜਿਸਟ੍ਰੇਟ ਨੂੰ ਪਤੀ-ਪਤਨੀ ਵਿਚਾਲੇ ਸਮਝੌਤਾ ਕਰਵਾ ਕੇ ਵਿਆਹ ਕਾਇਮ ਰੱਖਣ ਦਾ ਅਧਿਕਾਰ ਹੋਵੇਗਾ ਅਤੇ ਇਕੋ ਵਾਰੀ ਵਿੱਚ ਤਿੰਨ ਤਲਾਕ ਦੀ ਪੀੜਤ ਮਹਿਲਾ ਮੁਆਵਜ਼ਾ ਲੈਣ ਦੀ ਹੱਕਦਾਰ ਹੋਵੇਗੀ।

“Quality is our strength.”
SKYDOME GROUP OF COMPANIES
WE DEAL WITH ALL INSURANCE COMPANIES
MINISTRY APPROVED SALVAGE INSPECTION STATION
Body Centre
Specializing in:
• Collision • Custom Painting
• Mechanical Service
• Frame & Unibody Repair
• Insurance Claims Welcome
Inderjit Singh - Lic. Auto Body Technician/Lic. Mec.
Daljit Singh
President
308 Rutherford Road Brampton
905-874-9878
Skydome Emission & Allignment Centre Inc.
210 Rutherford Rd., Brampton
905-450-9878
WE SELL QUALITY USED CARS
STAFFORD TRUCK CENTRE
30 Stafford Dr., Brampton. Tel: 905-460-1414
HEAD OFFICE: 905-874-9878
Tol Free: 1-877-799-9878. www.skydomeauto.ca

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
How your spouse can join you within 4-6 months
How your parents can join you
How students & skilled people can come to Canada
How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452.0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

Paramjit Deol
Broker
CELL: 416-993-7378
7071 Airport Rd, Suit 201, Mississauga, ON
1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available
Century 21 Leading Edge Realty Ltd Brokerage* Independently Owned and Operated
Tel:905-405-8484
www.paramjitdeol.com
Email: pdeol3@yahoo.ca
Your neighborhood broker, Call Paramjit Deol Today

BRAMPTON $89,000
Photo Not Available
Kennedy Rd N/Vodden St E: ਬਹੁਤ ਹੀ ਵਧੀਆ ਚਲ ਰਿਹਾ ਬਿਜਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋ। ਬਹੁਤ ਹੀ ਘੱਟ ਰੈਂਟ ਸਿਰਫ $3,500 ਅਤੇ ਸੇਲ $35,000 ਪ੍ਰਤੀ ਮਹੀਨਾ, 5 ਹੇਅਰ ਕਟਿੰਗ ਸਟੇਸ਼ਨ, 2 ਵਾਸ਼ ਸਟੇਸ਼ਨ, ਲੇਜ਼ਰ, ਵੈਕਸਿੰਗ,ਵੇਡਿੰਗ ਮੇਕਅਪ ਤੇ ਹੋਰ ਵੀ ਬਹੁਤ ਕੁਝ।

HAMILTON $25/Sq Ft.
135 James St N: ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ, ਜੈਕਸਨ ਸੁਕੇਅਰ ਦੇ ਨੇੜੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋ। ਬਹੁਤ ਹੀ ਵਡਾ ਮੇਨ ਫਲੋਰ । 7,900 ਸੁਕੇਅਰ ਫੁੱਟ ਕੋਮਰਸੀਅਲ ਸਪੇਸ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।

BRAMPTON $2,500
85 Calderstone Rd : ਬਹੁਤ ਹੀ ਵਧੀਆ ਲੋਕੇਸ਼ਨ ਤੇ 4 ਬੈਡਰੂਮ ਅਤੇ 4 ਵਾਸ਼ਰੂਮ ਦਾ ਡਿਟੈਚ ਡਬਲ ਸਟੋਰੀ ਘਰ ਲੀਜ਼ ਲਈ । ਮਾਡਰਨ ਕਿਚਨ, ਪਿਛਲੇ ਸਾਲ ਹੀ ਰੈਨੋਵੇਟਿਡ ਕੀਤਾ ਹੋਇਆ, 3 ਕਾਰਾਂ ਦੀ ਪਾਰਕਿੰਗ, ਗੋ ਸਟੇਸ਼ਨ, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।

BRAMPTON $54,900
255B Rutherford Rd S 06: ਵਧੀਆ ਚਲ ਰਿਹਾ ਬਿਜ਼ਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਬਹੁਤ ਹੀ ਘੱਟ ਰੈਂਟ ਅਤੇ ਸੇਲ $25,000 ਪ੍ਰਤੀ ਮਹੀਨਾ। 4 ਅਲਾਇੰਨਮੈਂਟ ਸਪੋਟਸ, ਏਅਰ ਕੰਪਰੈਸਰ, ਟਾਇਰ ਚੇਨਜਰ, ਵੀਲ ਬੈਲੇਂਸਰ, ਹੋਰ ਵੀ ਬਹੁਤ ਕੁਝ।

BRAMPTON $249,000
Photo Not Available
10725 Mclaughlin Rd. N: ਬਹੁਤ ਹੀ ਵਧੀਆ ਚਲ ਰਹੀ ਪਿਜਾ ਸ਼ਾਪ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ ਵਧੀਆ ਸੇਲ। $12000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ $4160/ਮਹੀਨਾ। ਹਾਈ ਟਰੇਫਿਕ ਫਲੋਂ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰ ਸਕਦੇ ਹੋ।

PICKERING $59,000
1211 Kingston Rd E 14: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚੱਲ ਰਿਹਾ ਰੈਸਟੋਰੈਂਟ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ ਵਧੀਆ ਸੇਲ। $20,000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ। ਹਾਈ ਟਰੇਫਿਕ ਫਲੋਂ, ਅੱਜ ਹੀ ਕਾਲ ਕਰੋ।

BRAMPTON $541,800
Hwy 10/Bovarid: ਬਹੁਤ ਹੀ ਵਧੀਆ 3 ਬੈਡਰੂਮ ਅਤੇ 3 ਵਾਸ਼ਰੂਮ ਦਾ ਡਬਲ ਸਟੋਰੀ ਕਾਂਡੋ ਟਾਊਨ ਹਾਉਸ, ਕੁਆਰਟਜ਼ ਕਾਊਂਟਰ ਟਾਪ ਤੇ ਬੈਕਸਪਲੈਸ਼, ਸਾਰੀਆਂ ਸਹੂਲਤਾਂ ਦੇ ਨੇੜੇ ਜਿਵੇਂ ਬੱਸ ਸਟਾਪ, ਪਾਰਕ, ਸਕੂਲ ਆਦਿ।

AJAX $169,900
Photo Not Available
44 Hardwood Ave : ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ। ਬਹੁਤ ਹੀ ਵਧੀਆ ਚਲ ਰਿਹਾ ਰੈਸਟੋਰੈਂਟ ਵਿਕਾਊ ਹੈ। ਇਹ ਰੇਸਟੋਰੈਂਟ ਪਿਛਲੇ 10 ਸਾਲਾਂ ਤੋ ਚਲ ਰਿਹਾ ਹੈ। ਬਹੁਤ ਹੀ ਬਿਜੀ ਪਲਾਜਾ ਅਤੇ ਆਮਦਨ $25,000/ਮਹੀਨਾ।

KITCHENER $369,999
Ottawa/Starasburg: ਬਹੁਤ ਹੀ ਵਧੀਆ ਲੋਕੇਸ਼ਨ ਤੇ, 3+1 ਬੈਡਰੂਮ ਤੇ 4 ਵਾਸ਼ਰੂਮ ਦਾ ਟਾਊਨ ਹਾਉਸ, ਵਧੀਆ ਰੌਸ਼ਨੀ, ਸਾਰੀਆਂ ਸਹੂਲਤਾਂ ਦੇ ਨੇੜੇ।

TORONTO $508,775
Don Mills/Sheppard : ਟੋਰਾਂਟੋ ਵਿੱਚ ਬਹੁਤ ਹੀ ਵਧੀਆ ਲੋਕੇਸ਼ਨ ਤੇ ਬਣਿਆ 3 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ ਅਪਾਰਟਮੈਂਟ । ਮਾਡਰਨ ਕਿਚਨ, ਸਟੇਨਲੈਸ ਸਟੀਲ ਅਪਲਾਂਇੰਸਸ, ਹਾਇਵੇ 401, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।

BRAMPTON $629,000
60 Lacoste Blvd.: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, 6 ਆਫਿਸ, ਇਕ ਬੋਰਡਰੂਮ, ਰਿਸੈਪਸ਼ਨ ਅਤੇ ਆਫਿਸ ਐਡਮਿਨ ਲਈ ਥਾਂ ਸੇਲ ਤੇ। ਕੁਲ 1,524 ਸਕੇਅਰ ਫੁੱਟ ਥਾਂ ਵਿਕਾਊ ਹੈ।

TORONTO $825,000
Lawrence & Valia Rd.: ਬਹੁਤ ਹੀ ਸੋਹਣਾ 4 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਘਰ, ਹਾਈ ਡਿਮਾਂਡ ਏਰੀਆ, ਮਾਡਰਨ ਕਿਚਨ, ਬੈਕ-ਸਪਲੈਸ਼ ਫਿਨਿਸ਼ਡ ਬੇਸਮੈਂਟ, ਹਾਰਡਵੂਡ ਫਲੋਰ, ਆਦਿ ਸਹੂਲਤਾਂ ਦੇ ਨੇੜੇ ।

BRAMPTON $179,000
Photo Not Available
384 Yonge St.11 : ਬਹੁਤ ਹੀ ਵਧੀਆ ਲੋਕੇਸ਼ਨ ਤੇ, ਬਿਜਨਸ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋਂ। ਇੰਡੋਰ ਰਿਟੇਲ ਸ਼ਾਪ, ਨਵਾਂ ਸਬਵੇ ਬਣਨ ਵਾਲੇ ਦੇ ਨੇੜੇ, ਹਾਰਡਵੂਡ ਫਲੋਰ, ਅਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ।

TORONTO $944,000
Keele / Finch/York Univeristy: ਬਹੁਤ ਹੀ ਸੋਹਣਾ 7+3 ਬੈਡਰੂਮ ਅਤੇ 11 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ, ਬਹੁਤ ਸਾਰੇ ਅਪਗਰੇਡਜ਼, ਬਹੁਤ ਹੀ ਵਧੀਆ ਲੋਕੇਸ਼ਨ, ਹਾਈ ਡਿਮਾਂਡ ਏਰੀਆ, ਰਿਟੇਲ ਇਨਕਮ $6400, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ, ਜਰੂਰ ਦੇਖੋ !!

BRAMPTON $849,000
Bramalea Rd/Markham St: ਬਹੁਤ ਹੀ ਸਾਫ ਸੁਥਰਾ 4+1 ਬੈਡਰੂਮ, 4 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, ਪੋਟ ਲਾਇਟਿੰਗ, ਹਾਰਡਵੂਡ ਫਲੋਰ, ਰੈਨੋਵੇਟਡ ਬੈਸਮੈਂਟ ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਸਹੂਲਤਾਂ ਦੇ ਨੇੜੇ।

CALEDON $1,009,999
Mayfield & McVeen : ਬਹੁਤ ਹੀ ਵਧੀਆ 3+1 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਬੰਗਲੋ, ਫੂਲੀ ਅਪਗ੍ਰੇਡਡ, ਹਾਰਡਵੂਡ ਫਲੋਰ, ਫਿਨੀਸ਼ਡ ਬੇਸਮੈਂਟ, ਬਹੁਤ ਹੀ ਵਡਾ ਗਰਾਜ, ਆਦਿ ਸਹੂਲਤਾਂ ਦੇ ਨੇੜੇ।

# ਮਿਸੀਸਾਗਾ ਪੁਸਤਕ ਮੇਲਾ 23 ਸਤੰਬਰ ਤੱਕ

## ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਸੰਬੰਧੀ ਪ੍ਰੋਗਰਾਮ 20 ਨੂੰ

(ਬਰੈਂਪਟਨ/ਬਾਸੀ ਹਰਚੰਦ) ਪੰਜਾਬੀ ਸੱਭਿਆਚਾਰ ਮੰਚ ਟਰੋਂਟੋ ਦੇ ਜਨਰਲ ਸਕੱਤਰ ਕਾ: ਸੁਖਦੇਵ ਸਿੰਘ ਧਾਲੀਵਾਲ ਨੇ ਦੱਸਿਆ ਕਿ ਪਰਮਗੁਣੀ ਸ਼ਹੀਦ ਭਗਤ ਸਿੰਘ ਦਾ ਜਨਮ ਦਿਵਸ 29 ਸਤੰਬਰ ਨੂੰ 12-00 ਵਜੇ ਤੋਂ 4-00 ਵਜੇ ਤੱਕ ਮਨਾਇਆ ਜਾਏਗਾ। ਉਸ ਲੋਕ ਨਾਇਕ ਦਾ ਜਨਮ ਦਿਨ ਗੁਰੂ ਤੇਗ ਬਹਾਦਰ ਪਬਲਕਿ ਸਕੂਲ ਦੇ ਹਾਲ ਵਿੱਚ ਮਨਾਇਆ ਜਾਏਗਾ। ਇਹ ਸਕੂਲ ਸੈਂਡਲਵੁਡ/ਕਨੇਡੀ ਇੰਟਰ ਸੈਕਸ਼ਨ ਵਾਲੇ ਹਾਰਟ ਲੇਕ ਪਲਾਜ਼ੇ ਵਿੱਚ ਮੈਕਡੋਨਲ ਦੇ ਨਾਲ ਸਥਿਤ ਹੈ। ਹਰ ਪਾਸੇ ਤੋਂ ਬੱਸ ਦੀ ਸੌਖੀ ਪਹੁੰਚ ਹੈ।

ਉਸ ਮਹਾਨ ਯੋਧੇ ਨੇ ਭਾਰਤ ਦੇ ਗਲੋਂ ਅੰਗਰੇਜ਼ਾਂ ਦੀ ਗੁਲਾਮੀ ਲਾਹੁਣ ਲਈ ਸਾਥੀਆਂ ਨਾਲ ਰਲ ਕੇ ਇਨਕਲਾਬੀ ਸਰਗਰਮੀਆਂ ਕੀਤੀਆਂ ।ਅੰਗਰੇਜ਼ਾਂ ਨੇ ਉਸ ਦੀਆਂ ਸਰਗਰਮੀਆਂ ਨੂੰ ਆਪਣੇ ਰਾਜ ਲਈ ਖਤਰਨਾਕ ਸਮਝਦਿਆਂ ਉਸ ਨੂੰ ਬੜੀ ਛੋਟੀ ਉਮਰ ਵਿੱਚ ਫਾਂਸੀ ਦੇ ਦਿਤੀ।

ਸੱਭਪ੍ਰਗਤੀਸ਼ੀਲ ਵਿਅਕਤੀਆਂ, ਬੁਧੀਜੀਵੀਆਂ, ਸਮਾਜ ਸੇਵੀ ਕਾਰਕੁਨਾਂ ਅਤੇ ਸੱਭ ਲੋਕਾਂ ਨੂੰ ਸ਼ਾਮਲ ਹੋਣ ਲਈ ਬੇਨਤੀ ਕੀਤੀ ਜਾਂਦੀ ਹੈ। ਆਉ ਰਲ ਕੇ ਉਹਨਾਂ ਨੂੰ ਯਾਦ ਕਰੀਏ ਅਤੇ ਚੰਗੇ ਭਵਿਖ ਲਈ ਸੋਸ਼ਨ ਰਹਿਤ ਸਮਾਜ ਸਿਰਜਣ ਦੀ ਪ੍ਰੇਰਨਾ ਲਈਏ। ਨਾਮਵਰ ਸਖਸ਼ੀਅਤਾਂ ਦੇ ਭਾਸ਼ਨ ਹੋਣਗੇ ਕਵੀ ਸੱਝਣਾ ਨੂੰ ਸਮਾਂ ਮਿਲੇਗਾ। ਹੋਰ ਜਾਣਕਾਰੀ ਲਈ ਫੋਨ ਨੰਬਰ ਬਲਦੇਵ ਸਿੰਘ ਸਹਿਦੇਵ ਪਰਧਾਂਨ 647-328-7045, ਕਾ: ਸੁਖਦੇਵ ਸਿੰਘ ਧਾਲੀਵਾਲ ਸਕੱਤਰ 647-298-7250

ਹਰਚੰਦ ਸਿੰਘ ਬਾਸੀ 647-786-9502, ਸੁਰਿੰਦਰ ਗਿੱਲ 905-460-5544

## ਕੈਂਸਰ ਰੀਸਰਚ ਲਈ 10ਵੀਂ ਟੈਰੀ ਫੋਕਸ ਰਨ ਦਾ ਆਯੋਜਨ

ਬਰੈਂਪਟਨ ਵੈਸਟ ਵਿਚ ਸਿਥਤ ਬੌਨੀ ਬਰੇਜ਼ ਪਾਰਕ ਦੇ ਆਸ ਪਾਸ ਰਹਿਣ ਵਾਲੇ ਭਾਈਚਾਰੇ ਦੇ ਵਸਨੀਕ ਸਜਣ ਪਿਛਲੇ 9 ਸਾਲਾਂ ਤੋਂ ਟੈਰੀ ਫੌਕਸ ਰਨ ਦਾ ਅਯੋਜਿਨ ਕਰਦੇ ਆ ਰਹੇ ਹਨ। ਇਸ ਵਾਰ 15 ਸਤੰਬਰ 2018 ਨੂੰ ਇਹ ਅਯੋਜਿਨ ਉਸੇ ਪਾਰਕ ਵਿਚ ਸਵੇਰੇ 10 ਤੋਂ 12 ਵਜੇ ਤਕ ਕੀਤਾ ਗਿਆ। ਮੌਕੇ ਉਪਰ ਬਰੈਂਪਟਨ ਮੇਅਰ ਲਿੰਡਾ ਜੈਫਰੀ, ਐਮਪੀ ਸੋਨੀਆ ਸਿੱਧੂ ਅਤੇ ਐਮਪੀਪੀ ਪ੍ਰਬਮੀਤ ਸਿੰਘ ਸਰਕਾਰੀਆ ਤੋਂ ਇਲਾਵਾ ਸਿਟੀ ਕਊਂਸਲਰ ਜੈਫ ਬੋਮੈਨ ਅਤੇ ਰਿਜਨਲ ਕਊਸੰਲਰ ਦੇ ਉਮੀਦਵਾਰ ਜੌਹਨ ਸੈਂਡਰਸਨ ਹਾਜਰ ਹੋਏ। ਯਾਦ ਰਹੇ ਇਸ ਤਰ੍ਹਾ ਦੇ ਅਯੋਜਿਨਾ ਉਪਰ ਰੱਨ ਜਾਂ ਦੌੜ ਵਿਚ ਭਾਗ ਲੈਣ ਵਾਲੇ ਸਜਣ ਅਤੇ ਦਰਸ਼ਕ ਲੋਕ ਮਾਇਆ ਦਾਨ ਕਰਦੇ ਹਨ ਅਤੇ ਇਕੱਤਰ ਹੋਈ ਰਾਸ਼ੀ ਕੈਂਸਰ ਰੀਸਰਚ ਨੂੰ ਦਾਨ ਕੀਤੀ ਜਾਂਦੀ ਹੈ। ਇਸ ਵਾਰ ਦੀ ਰਾਸ਼ੀ 3500 ਡਾਲਰ ਸੀ। ਸੇਵਾਦਲ ਵਲੋਂ ਇਕਬਾਲ ਸਿੰਘ ਵਿਰਕ ਅਤੇ ਅਜੀਤ ਸਿੰਘ ਰੱਖੜਾ ਸ਼ਾਮਲ ਹੋਏ ਅਤੇ ਸੰਸਥਾ ਦੇ ਤੌਰ ਉਪਰ ਮਾਇਆ ਵੀ ਦਾਨ ਕੀਤੀ। ਇਸ ਸੰਪੂਰਣ ਅਯੋਜਿਨ ਸਮੇ ਚਾਹ ਪਾਣੀ ਅਤੇ ਸਨੈਕਸ ਨਾਲ ਮਹਿਮਾਨਾ ਦੀ ਸੇਵਾ ਕੀਤੀ ਗਈ। ਪ੍ਰਬੰਧਕਾ ਵਿਚ ਜ਼ਿਕਰਯੋਗ ਸੇਵਾ ਕਰਨ ਵਾਲੇ ਸਜਣ ਸਨ ਮੋਹਨ ਸਿੰਘ ਭੰਗੂ, ਦਿਲਬੀਰ ਸਿੰਘ ਕੰਬੋਜ ਅਤੇ ਅਮਰ ਸਿੰਘ ਜੀ।

## ਸ਼ੋਕ ਸਮਾਚਾਰ

### ਜਥੇਦਾਰ ਅਵਤਾਰ ਸਿੰਘ ਬੈਂਸ ਦੇ ਅਕਾਲ ਚਲਾਣੇਂ ’ਤੇ ਦੁੱਖ ਦਾ ਪ੍ਰਗਟਾਵਾ

ਓਂਟੇਰਿਓ ਪੰਜਾਬੀ ਸਾਹਿਤ ਸਭਾ ਦੀ ਇੱਕ ਮੀਟਿੰਗ ਵਿੱਚ, ਪੰਜਾਬੀ ਕਮਿਉਨਿਟੀ ਵਿੱਚ ਆਪਣੀਂ ਦਿੱਖ ਨਾਲ ਵੱਖਰੀ ਪਹਿਚਾਣ ਬਣਾਉਣ ਵਾਲੇ, ਪਿੰਡ ਸੀਣਾਂ ਜਿਲ੍ਹਾ ਹੁਸ਼ਿਆਰਪੁਰ ਦੇ ਹਰਮਨ ਪਿਆਰੇ ਨੇਤਾ ਜਥੇਦਾਰ ਅਵਤਾਰ ਸਿੰਘ ਬੈਂਸ ਦੇ ਅਕਾਲ ਚਲਾਣੇਂ ਤੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਆਪ ਦੀ ਉਮਰ 93 ਸਾਲ ਦੀ ਸੀ, ਥੋੜਾ ਸਮਾਂ ਬੀਮਾਰ ਰਹਿਣ ਉਪਰੰਤ ਆਪ ਸਦੀਵੀ ਵਿਛੋੜਾ ਦੇ ਗਏ। ਆਪ ਬਹੁਤ ਸਾਰੀਆਂ ਸੀਨੀਅਰ ਐਸੋਸੀਏਸ਼ਨਾਂ ਦੇ ਲੰਬਾ ਸਮਾਂ ਪ੍ਰਧਾਨ ਰਹੇ। ਆਪ ਸੁਹਿਰਦ ਇਨਸਾਨ,ਸੋਸ਼ਲ ਵਰਕਰ, ਸਰਬੱਤ ਦੇ ਭਲੇ ਦੇ ਲੋਚਕ ਤੇ ਸੁਲਝੇ ਹੋਏ ਲੈਕਚਰਾਰ ਸਨ।ਕਮਿਉਨਿਟੀ ਦੇ ਸਾਰੇ ਲੋਕ ਆਪ ਦਾ ਬਹੁਤ ਸਤਿਕਾਰ ਕਰਦੇ ਸਨ। ਸਾਰੇ ਸਮਗਮਾਂ ਵਿੱਚ ਆਪ ਵਧ -ਚੜ ਕੇ ਹਿੱਸਾ ਲੈਂਦੇ ਸਨ।ਬੀਤੇ ਐਤਵਾਰ ਆਪ ਦੇ ਫਿਉਨਰਲ ਸਮੇਂ ਹਾਲ ਖਚਾਖੱਚ ਭਰਿਆ ਹੋਇਆ ਸੀ।ਅਫਸੋਸ ਦੇ ਸੁਨੇਹੇ ਭੇਜਣ ਵਾਲਿਆਂ ਵਿੱਚ ਪਾਲ ਸਿੰਘ ਹੋਠੀ ਕਰਾਉਨ ਇਮੀਗ੍ਰੇਸ਼ਨ, ਮਨਜੀਤ ਸਿੰਘ ਝੱਮਟ, ਮਦਨ ਸਿੰਘ ਬੰਗਾ, ਬਲਬੀਰ ਸਿੰਘ ਮੋਮੀ, ਜੁਗਿੰਦਰ ਸਿੰਘ ਬਾਜਵਾ,ਸਕੂਲ ਟਰੱਸਟੀ ਅਵਤਾਰ ਸਿੰਘ ਮਿਨਹਾਸ,ਸੋਸ਼ਲ ਵਰਕਰ ਅਵਤਾਰ ਸਿੰਘ ਢਿੱਲੋਂ, ਬਲਬੀਰ ਸਿੰਘ ਪਵਾਰ, ਚਰਨ ਸਿੰਘ ਮਿਨਹਾਸ, ਪ੍ਰਿੰਸੀਪਲ ਪਾਖਰ ਸਿੰਘ ਅਤੇ ਪ੍ਰਸਿੱਧ ਬਿਜਨਸਮੈਨ ਦਲਜੀਤ ਸਿੰਘ ਗੈਦੂ ਸ਼ਾਮਲ ਸਨ।

ਇਸ ਸਾਲ ਮਿਸੀਸਾਗਾ ਵਿਚ ਲਗਿਆ ਪੁਸਤਕ ਮੇਲਾ ਜਿਹੜਾ 24 ਸਤੰਬਰ ਤੋਂ ਲਗਾਤਾਰ ਯੂਨਿਟ ਨੰਬਰ 14, 7050 ਬਰੈਹਮਲੀ ਰੋਡ, ਡੇਰੀ ਦੇ ਕੌਰਨਰ ਤੇ ਫੈਡਐਕਸ ਦੇ ਬਿਲਕੁਲ ਸਾਹਮਣੇ ਪਰਮਿੰਦਰ ਸੋਂਦ ਦੇ ਦਫ਼ਤਰ ਦੇ ਬਿਲਕੁਲ ਨਾਲ ਪੁਸਤਕ ਮੇਲਾ ਸਫ਼ਲਤਾਪੂਰਵਕ ਚਲ ਰਿਹਾ ਹੈ। ਸਫ਼ਲਤਾਪੂਰਵਕ ਇਸ ਕਰਕੇ ਹੈ ਕਿ ਇਸ ਵਿਚ ਇਕੱਲੇ ਪਾਠਕ ਨਹੀਂ ਆਉਂਦੇ, ਲੇਖਕ ਨਹੀਂ ਆਉਂਦੇ ਪੂਰਾ ਗ੍ਰੇਟਰ ਟਰਾਂਟੋ ਦਾ ਮੀਡੀਆ ਪੱਬਾ ਭਾਰ ਹੋਇਆ ਪਿਆ ਹੈ। ਇਸ ਗੱਲ ਦਾ ਸਬੂਤ ਪ੍ਰਿੰਟ ਮੀਡੀਏ ਨਾਲ ਜੁੜੇ ਹੋਏ ਸਾਰੇ ਅਖ਼ਬਾਰਾਂ ਦੇ ਸੰਪਾਦਕ, ਰੇਡੀਓ ਨਾਲ ਜੁੜੇ ਹੋਏ ਸਾਰੇ ਹੋਸਟ, ਟੀ.ਵੀ. ਮੀਡੀਆ ਨਾਲ ਜੁੜੇ ਹੋਏ ਸਾਰੇ ਹੋਸਟ ਸ਼ਾਮਿਲ ਹਨ। ਬਿਨਾਂ ਨਾਮ ਲਏ ਤੋਂ ਮੈਂ ਕਹਿ ਸਕਦਾ ਹਾਂ ਕਿ ਸਾਰੇ ਹੀ ਗ੍ਰੇਟਰ ਟਰਾਂਟੋ ਦੇ ਮੀਡੀਆ ਕਰਮੀਆਂ ਨੇ, ਅਖ਼ਬਾਰਾਂ ਦੇ ਸੰਪਾਦਕਾਂ ਨੇ, ਰੇਡੀਓ ਹੋਸਟ ਨੇ, ਇਲੈਕਟਰੋਨਿਕ ਮੀਡੀਆ ਦੇ ਐਂਕਰਾਂ ਨੇ ਯੋਗਦਾਨ ਪਾਇਆ ਹੈ ਤਾਂ ਕਿ ਪੰਜਾਬੀ ਦਾ ਪ੍ਰਚਾਰ ਤੇ ਪਸਾਰ ਹੋ ਸਕੇ। ਤੇ ਪੰਜਾਬੀ ਸਾਹਿਤ ਘਰ ਘਰ ਵਿਚ ਪਹੁੰਚਾਇਆ ਜਾ ਸਕੇ। ਤੇ ਤਦੇ ਹੀ ਸੰਭਵ ਹੋ ਸਕਿਆ ਹੈ ਸਤੀਸ਼ ਗੁਲਾਟੀ ਨੇ ਚੇਤਨਾ ਪ੍ਰਕਾਸ਼ਨ ਲੁਧਿਆਣਾ ਤੇ ਗੁਲਾਟੀ ਪਬਲਿਸ਼ਰਜ ਲਿਮਟਿਡ ਸਰ੍ਹੀ ਤੇ ਸਾਰੀਆਂ ਸੰਸਥਾਵਾਂ ਦੇ ਸਹਿਯੋਗ ਇੱਥੇ ਪੁਸਤਕ ਮੇਲਾ ਲਾਇਆ ਹੈ, ਜਿਹੜਾ ਚਾਰ ਹਫ਼ਤੇ ਲਗਾਤਾਰ ਚੱਲ ਚੁੱਕਿਆ ਹੈ ਤੇ ਅਖ਼ੀਰ 23 ਸਤੰਬਰ ਤੱਕ ਅਗਲੇ ਸਾਲ ਲਈ ਮੁਲਤਵੀ ਹੋ ਜਾਵੇਗਾ। ਸੋ ਇੱਥੇ ਜਿਹੜੇ ਵੀ ਪਾਠਕ, ਪ੍ਰਸ਼ੰਸ਼ਕ ਤੇ ਦਰਸ਼ਕ ਆ ਰਹੇ ਨੇ ਉਹ ਵਾਕਿਆ ਹੀ ਵਧਾਈ ਦੇ ਪਾਤਰ ਨੇ, ਜਿਹੜੇ ਰਹਿ ਗਏ ਨੇ ਉਹਨਾਂ ਨੂੰ ਜ਼ਰੂਰ ਇਸ ਗੱਲ ਦਾ ਗਿਲਾ ਹੋਵੇਗਾ ਕਿ ਅਸੀਂ ਕਿਉ ਨਹੀਂ ਵੱਧ ਤੋਂ ਵੱਧ ਪੁਸਤਕਾਂ ਲਿਆ ਸਕੇ? ਇੱਥੇ ਕੀਹਦਾ ਕੀਹਦਾ ਨਾਂ ਲਈਏ। ਸੈਂਕੜੇ ਹੀ ਪਾਠਕ ਆਪਣੀਆਂ ਮਨਪਸੰਦ ਪੁਸਤਕਾਂ ਲੈ ਕੇ ਗਏ ਨੇ। ਉਹ ਚਾਹੇ ਨਵੀਂ ਪਨੀਰੀ ਹੋਵੇ, ਨਵੇਂ ਵਿਦਿਆਰਥੀ ਹੋਣ, ਚਾਹੇ ਪਿਛਲੇ ਦਸਾਂ ਸਾਲਾਂ ਚ ਪਰਵਾਸ ਕਰ ਚੁੱਕੇ ਪੰਜਾਬ ਦੇ ਪਾਠਕ ਹੋਣ ਜਾਂ ਪੰਜਾਹ ਸੱਠ ਸਾਲ ਤੋਂ ਉੱਪਰ ਦੇ ਪਾਠਕ ਹੋਣ ਉਹ ਸਾਰੇ ਦੇ ਸਾਰੇ ਇੱਥੇ ਪੁਸਤਕ ਮੇਲੇ ਵਿਚ ਇਕ ਜਸ਼ਨ ਤੇ ਮੇਲੇ ਵਾਂਗ ਆਉਂਦੇ ਹਨ। ਉਹ ਆਪਣੇ ਨਾਲ ਵੱਧ ਤੋਂ ਵੱਧ ਪੁਸਤਕਾਂ ਲੈ ਕੇ ਜਾਂਦੇ ਹਨ। ਇਹ ਸਾਰੇ ਦਾ ਸਾਰਾ ਸਿਹਰਾ ਮੀਡੀਆ ਦੇ ਸਿਰ ਜਾਂਦਾ ਹੈ। ਮੀਡੀਆ ਚਾਹੁੰਦਾ ਹੈ ਕਿ ਪੰਜਾਬੀ ਪ੍ਰਚਾਰ ਹੋਵੇ, ਪੰਜਾਬੀ ਦਾ ਪਸਾਰ ਹੋਵੇ। ਪੰਜਾਬੀ ਦੀ ਪੁਸਤਕ ਘਰ ਘਰ ਵਿਚ ਪਹੁੰਚੇ। ਲੋਕ ਆਪਣੇ ਘਰਾਂ ਦੇ ਵਿੱਚ ਜਿੱਥੇ ਹੋਰ ਸਮਾਨ ਰੱਖਦੇ ਹਨ, ਛੋਟੀ ਜਿਹੀ ਲਾਇਬ੍ਰੇਰੀ ਬਣਾਉਣ, ਤਾਂ ਕਿ ਉੱਥੇ ਆਪਣੇ ਆਪ ਨਾਲ ਗੱਲ ਕਰ ਸਕਣ। ਆਪਣੇ ਵਿਰਸੇ ਨੂੰ ਸਮਝ ਸਕਣ। ਆਪਣੇ ਸਭਿਆਚਾਰ ਨੂੰ ਵੱਧ ਤੋਂ ਵੱਧ ਜਾਣ ਸਕਣ ਜਾਂ ਆਪਣੇ ਦੋਸਤਾਂ ਨਾਲ ਆਪਣੇ ਸਮਾਜ ਪ੍ਰਤੀ, ਆਪਣੇ ਵਿਰਸੇ ਪ੍ਰਤੀ ਗੱਲਾਂ ਕਰ ਸਕਣ।

ਜਿੱਥੇ ਉਕਾਰਪ੍ਰੀਤ ਨੇ ਆਪਣੇ ਪਰਿਵਾਰ ਸਮੇਤ ਇੱਥੇ ਆ ਕੇ ਮੇਲੇ ਨੂੰ ਚਾਰ ਚੰਦ ਲਾਏ, ਉੱਥੇ ਚਰਨ ਸਿੰਘ ਮਾਦਪੁਰੀ ਦਾ ਪਰਿਵਾਰ, ਜਿਹੜਾ ਸੁਖਦੇਵ ਮਾਦਪੁਰੀ ਦਾ ਭਰਾ ਹੈ ਉਹਨਾਂ ਨੇ ਪੂਰਾ ਯੋਗਦਾਨ ਪਾਇਆ। ਇੱਥੇ ਡਾ. ਗੁਰਬਖਸ਼ ਭੰਡਾਲ ਨੇ ਤਾਂ ਬਹੁਤ ਸਾਰੇ ਲੋਕਾਂ ਨੂੰ ਫੋਨ ਕਰਕੇ ਹੀ ਨਹੀਂ ਬੁਲਾਇਆ, ਸਗੋਂ ਬਾਰ ਬਾਰ ਤਾਕੀਦ ਕੀਤੀ ਕਿ ਆਓ ਪੁਸਤਕ ਮੇਲੇ ਦੇ ਵਿਚ ਕਿਤਾਬਾਂ ਨਾਲ ਦੋਸਤੀ ਪਾਓ। ਗੁਰਦਿਆਲ ਬੱਲ ਹੋਰਾਂ ਨੇ ਲਗਾਤਾਰ ਫੋਨ ਕਰਕੇ ਕਰਕੇ ਸੈਂਕੜੇ ਮਿੱਤਰਾਂ ਤੇ ਪਾਠਕਾਂ ਨੂੰ ਪੁਸਤਕ ਮੇਲੇ ’ਤੇ ਆਉਣ ਦਾ ਸੁਨੇਹਾ ਲਾਇਆ ਕਿ ਭਾਈ ਕਿਤਾਬਾਂ ਤੁਹਾਡੇ ਦਰ ਤੇ ਚੱਲ ਆਈਆਂ ਹਨ ਕੁਝ ਤਾਂ ਸ਼ਰਮ ਕਰੋ। ਜਸਵੰਤ ਦੀਦ, ਗੁਰ-ਦੇਵ ਚੌਹਾਨ, ਹਰਮਿੰਦਰ ਸਿਆਲ ਇਹਨਾਂ ਸਾਰਿਆਂ ਨੇ ਬਹੁਤ ਸਾਰੇ ਫੋਨ ਕੀਤੇ ਤੇ ਲੋਕਾਂ ਨੂੰ ਪੁਸਤਕ ਮੇਲੇ ਵਿਚ ਆਉਣ ਲਈ ਪ੍ਰੇਰਿਆ। ਸੋ ਇਹ ਸਾਰੇ ਉਹਨਾਂ ਦੇ ਦੋਸਤ ਇਸ ਗੱਲ ਨੂੰ ਮਹਿਸੂਸ ਕਰਦੇ ਹੋਏ ਪੁਸਤਕਾਂ ਦੇ ਦਰ ਤਕ ਆਏ। ਗੁਰਮਿੰਦਰ ਆਹਲੂਵਾਲੀਆ ਨੇ ਲਗਾਤਾਰ ਸਹਿਯੋਗ ਦਿੱਤਾ। ਜਸਵਿੰਦਰ ਸਿੱਧੂ ਨੇ ਲਗਾਤਾਰ ਇੰਟਰਵਿਊ ਕਰਕੇ, ਜੱਗੀ ਬਰਾੜ ਨੇ ਇੰਟਰਵਿਊ ਕਰਕੇ, ਫੋਟੋਆਂ ਫੇਸਬੁੱਕ ਤੇ ਵਾਟਸਅੱਪ ਤੇ ਪਾ ਕੇ ਲਗਾਤਾਰ ਲੋਕਾਂ ਨੂੰ ਪ੍ਰੇਰਿਤ ਕੀਤਾ ਕਿ ਆਓ ਇਸ ਪੁਸਤਕ ਮੇਲੇ ਦਾ ਵੱਧ ਤੋਂ ਵੱਧ ਯੋਗਦਾਨ ਪਾਈਏ। ਇਵੇਂ ਹੀ ਪਰਮਜੀਤ ਦਿਉਲ ਨੇ, ਹਮਦਰਦ ਦੇ ਸੰਪਾਦਕ ਅਮਰ ਸਿੰਘ ਭੁੱਲਰ, ਖ਼ਬਰਨਾਮਾ ਦੇ ਸੰਪਾਦਕ ਬਲਰਾਜ ਦਿਉਲ, ਪੰਜਾਬੀ ਪੋਸਟ ਦੇ ਸੰਪਾਦਕ ਜਗਦੀਸ਼ ਗਰੇਵਾਲ ਇਹਨਾਂ ਨੇ ਲਗਾਤਾਰ ਸਹਿਯੋਗ ਦਿੱਤਾ। ਪੰਜਾਬੀ ਸਟਾਰ ਤੇ ਆਵਾਜ਼ ਨੇ ਪੂਰਾ ਸਹਿਯੋਗ ਪਾਇਆ। ਰੇਡੀਓ ਹੋਸਟ ਡਾ. ਬਲਵਿੰ-ਦਰ ਨੇ ਬਿਨਾਂ ਨਾਗਾ ਪਾਏ ਪੁਸਤਕ ਮੇਲੇ ਨੂੰ ਸਹਿਯੋਗ ਦਿੱਤਾ। ਕੁਲਦੀਪ ਦੀਪਕ ਨੇ ਗੁਰਬਚਨ ਭੁੱਲਰ ਜਾਂ ਨਿੰਦਰ ਘੁਗਿਆਣਵੀ ਨੂੰ ਲਾਈਨ ’ਤੇ ਲੈ ਕੇ ਪੁਸਤਕਾਂ ਦਾ ਪ੍ਰਚਾਰ ਕੀਤਾ ਤਾਂ ਕਿ ਉਹ ਕਿਤਾਬਾਂ ਲੋਕਾਂ ਦੇ ਦਰ ਤੱਕ, ਲੋਕਾਂ ਦੇ ਮਨ ਤੱਕ ਅਸਰ ਕਰਨ। ਸਿਰਫ਼ ਇਹੀ ਨਹੀਂ ਹੋਰ ਨਵਜੋਤ ਕੌਰ, ਰਛਪਾਲ ਕੌਰ, ਸੁਖਚੈਨ ਢਿੱਲੋਂ, ਸੁਖਦੇਵ ਮਹਿਰੋਕ, ਲਖਵੀਰ ਸਿੰਘ ਰੋਡੇ, ਭੁਪਿੰਦਰ ਸਿੰਘ ਰੇਡੀਓ ਅਸੀਸ ਨੇ, ਜਗਜੀਤ ਸਿੰਘ ਰੁਪਾਲੋ, ਬਲਵੰਤ ਸਿੰਘ, ਸੰਤੋਖ ਸਿੰਘ, ਗੁਰਪ੍ਰੀਤ, ਸੱਤਪ੍ਰੀਤ, ਅਮਰਜੀਤ ਕੌਰ ਪੰਛੀ ਨੇ ਆਪਣੇ ਪਿਤਾ ਨੂੰ ਯਾਦ ਕਰਦਿਆਂ ਹੋਇਆ ਪੁਸਤਕ ਮੇਲੇ ਵਿਚ ਵੱਧ ਚੜ੍ਹ ਕੇ ਹਿੱਸਾ ਪਾਇਆ।

ਇਸ ਤੋਂ ਇਲਾਵਾ ਸੁਰਜੀਤ ਕੌਰ ਨੇ ਲਗਾਤਾਰ ਫੋਨ ਕਰਕੇ ਚੈਨਲ ਪੰਜਾਬੀ ਦੇ ਰਮਨ ਹੋਰਾਂ ਤੇ, ਓਮਨੀ ਚੈਨਲ ਤੋਂ ਸ਼ਮੀਲ, ਅਰਹਨ ਹੋਰਾਂ ਨੇ ਇਹ ਬਹੁਤ ਵੱਡਾ ਯੋਗਦਾਨ ਪਾਇਆ ਆਪਣੇ ਆਪ ਵਿਚ ਇਹ ਸਲਾਹੁਣਯੋਗ ਹੈ। ਇਸੇ ਤਰ੍ਹਾਂ ਜਗਦੀਸ਼, ਜਗਦੇਵ ਸਿੰਘ ਨਵਾਂ ਸ਼ਹਿਰ ਤੋਂ, ਮਹਿੰਦਰ ਸਿੰਘ ਲੰਬੜਾ ਨੇ, ਚਰਨ ਸਿੰਘ ਜਾਂ ਸਤਬੀਰ ਸਿੰਘ ਨੇ ਆਪਣੇ ਦੋਸਤਾਂ ਨੂੰ ਬਾਰ ਬਾਰ ਤਾਕੀਦ ਕੀਤੀ। ਗਗਨਜੀਤ ਹੋਰਾਂ ਨੇ, ਸਰਬਜੀਤ ਸਿੰਘ ਘੁੰਮਣ ਨੇ, ਜਤਿੰਦਰ ਸਿੰਘ, ਹਰਜਿੰਦਰ ਸਿੰਘ ਕੁੱਸਾ ਨੇ ਕੁੱਸਾ ਪਿੰਡ ਨੂੰ ਯਾਦ ਕਰਦਿਆਂ ਬਹੁਤ ਸਾਰੇ ਦੋਸਤਾਂ ਨੂੰ ਫੋਨ ਕੀਤੇ ਤੇ ਬਾਰ ਬਾਰ ਕਿਤਾਬਾਂ ਲਈ ਪ੍ਰੇਰਿਤ ਕੀਤਾ। ਇਹ ਸਾਰਾ ਕੁਝ ਤਦੇ ਹੀ ਸੰਭਵ ਹੋਇਆ ਦੋਸਤੋ ਜੇ ਅਸੀਂ ਪੰਜਾਬੀ ਸਾਹਿਤ ਨਾਲ ਜੁੜੇ ਹੋਏ ਹਾਂ। ਜਿੱਥੇ ਇਕਬਾਲ ਮਾਹਲ, ਮਨਜੀਤ ਮਾਹਲ ਹੋਰਾਂ ਨੇ ਲਗਾਤਾਰ ਲੋਕਾਂ ਨਾਲ ਸੰਪਰਕ ਬਣਾ ਕੇ ਫੋਨ ਤੇ ਤਾਕੀਦ ਕਰਦੇ ਤੇ ਆਪਣੇ ਟੀ.ਵੀ. ਚੈਨਲ ਰਾਹੀਂ ਲਗਾਤਾਰ ਸੁਨੇਹਾ ਪਹੁੰਚਾਉਂਦੇ ਰਹੇ। ਉਥੇ ਪੂਰਾ ਮੀਡੀਆ ਇਸ ਗੱਲ ਦਾ ਗਵਾਹ ਹੈ ਕਿ ਉਹਨਾਂ ਨੇ ਵੱਧ ਤੋਂ ਵੱਧ ਲੋਕਾਂ ਨੂੰ ਪ੍ਰੇਰਿਤ ਕੀਤਾ। ਭਾਵੇਂ ਪਰਵਾਸੀ ਦੇ ਰਾਜਿੰਦਰ ਸੈਣੀ ਹੋਣ, ਭਾਵੇਂ ਬਲਰਾਜ ਦਿਉਲ, ਅਮਰ ਸਿੰਘ ਭੁੱਲਰ, ਭਾਵੇਂ ਜਗਦੀਸ਼ ਗਰੇਵਾਲ, ਬਲਰਾਜ ਦਿਉਲ ਇਨ੍ਹਾਂ ਸਾਰਿਆਂ ਨੇ ਹੀ ਇਸ ਅਹੁੱਤੀ ਦੇ ਵਿਚ ਆਪਣਾ ਆਪਣਾ ਯੋਗਦਾਨ ਪਾਇਆ। ਪੰਜਾਬੀ ਲਹਿਰਾਂ ਦੇ ਸਤਵਿੰਦਰ ਸਿੰਘ ਸਿੱਧਵਾਂ ਨੇ ਲਗਾਤਾਰ ਰੇਡੀਓ ਤੋਂ ਆਪਣੇ ਪ੍ਰੋਗਰਾਮ ਰਾਹੀਂ ਲੋਕਾਂ ਨੂੰ ਬੁਲ-ਾਇਆ, ਕੁਲਦੀਪ ਦੀਪਕ ਨੇ ਕਈ ਵਾਰ ਲੋਕਾਂ ਨੂੰ ਤਾਕੀਦ ਕੀਤੀ। ਹੋਰ ਵੀ ਲੋਕਾਂ ਨੇ ਰਾਜਦੀਪ ਬੋਪਾਰਾਏ ਨੇ ਜਾਂ ਅਮਰਜੀਤ ਰਾਏ ਨੇ ਖਾਸ ਕਰਕੇ ਆਪਣੇ ਪ੍ਰੋਗਰਾਮ ਦੇ ਵਿਚ ਏਕਮ ਰਾਹੀਂ ਲਗਾਤਾਰ ਪ੍ਰਚਾਰ ਕੀਤਾ। ਸੋ ਇਹ ਸਾਰੇ ਹੀ ਧੰਨਵਾਦ ਦੇ ਪਾਤਰ ਹਨ। ਇਹ ਧੰਨਵਾਦ ਇਸ ਕਰਕੇ ਵੀ ਹੈ ਕਿਉਕਿ ਪੁਸਤਕ ਮੇਲਾ 23 ਤਾਰੀਖ ਨੂੰ ਖਤਮ ਨਹੀਂ ਹੋ ਰਿਹਾ ਹੈ, ਸਮਾਪਤ ਵੀ ਨਹੀਂ ਹੋ ਰਿਹਾ ਅਗਲੇ ਸਾਲ ਤੱਕ ਮੁਲਤਵੀ ਕੀਤਾ ਜਾ ਰਿਹਾ ਹੈ। ਸੋ ਸਮਾਪਤੀ ਤੇ ਮੁਲਤਵੀ ਦੇ ਦਵੰਦ ਨੂੰ ਆਪਣਾ ਜਾਣੀਏ ਤੇ ਵੱਧ ਤੋਂ ਵੱਧ ਜਿਹੜੇ ਰਹਿ ਗਏ ਉਹਨਾਂ ਦੋਸਤਾਂ ਨੂੰ ਪ੍ਰੇਰੀਏ ਕਿ ਆਓ ਮੇਲਾ ਹੁਣ ਆਖਰੀ ਤਿੰਨ ਚਾਰ ਦਿਨ ਹੋਰ ਹੈ। 10 ਤੋਂ ਲੈ ਕੇ 7 ਵਜੇ ਤੱਕ ਅਸੀਂ ਵੱਧ ਤੋਂ ਵੱਧ ਕਿਤਾਬਾਂ ਆਪਣੇ ਘਰ ਤੱਕ ਲੈ ਜਾਈਏ। ਤਾਂ ਕਿ ਅਗਲੇ ਸਾਲ ਤੱਕ ਇਹ ਕਹਿਣ ਦਾ ਮੌਕਾ ਨਾ ਮਿਲੇ ਕਿ ਕਿਤਾਬ ਸਾਡੇ ਕੋਲ ਨਹੀਂ ਚਲ ਕੇ ਆਈ ਕਿਤਾਬ ਤਾਂ ਸਾਡੇ ਕੋਲ ਚਲ ਕੇ ਆਈ ਸੀ ਕਿ ਅਸੀਂ ਕਿਤੇ ਨਾ ਕਿਤੇ ਅਵੇਸਲੇ ਰਹਿ ਗਏ, ਪਰ ਇਹ ਅਵੇਸਲੇ ਦਾ ਇਲਜ਼ਾਮ ਸਾਡੇ ਤੇ ਨਾ ਲੱਗੇ ਕਿ ਕਿਤਾਬਾਂ ਤੁਹਾਨੂੰ ਆਵਾਜ਼ਾਂ ਮਾਰ ਰਹੀਆਂ ਹਨ ਜਿਹੜੀਆਂ ਰਹਿ ਗਈਆਂ ਨੇ। ਜਿਹੜੀਆਂ ਨਹੀਂ ਹਨ ਉਹ ਵੀ ਤੁਸੀਂ ਆਰਡਰ ਦੇ ਕੇ ਇੰਡੀਆ ਤੋਂ ਮੰਗਵਾ ਸਕਦੇ ਹੋ। ਉਥੇ ਸਤੀਸ਼ ਗੁਲਾਟੀ ਨੂੰ ਸੰਪਰਕ ਕਰਕੇ ਉਹਨਾਂ ਨੂੰ ਆਰਡਰ ਦੇ ਸਕਦੇ ਹੋ। ਸਤੀਸ਼ ਗੁਲਾਟੀ ਦਾ ਨੰਬਰ 778 320 2551 ਹੈ। ਸੋ ਦੋਸਤੋ ਕਿਤਾਬਾਂ ਉਹ ਮਿੱਤਰ ਨੇ ਜਿਹੜੀਆਂ ਕਿਸੇ ਨੂੰ ਧੋਖਾ ਨਹੀਂ ਦਿੰਦੀਆਂ ਅਤੇ ਜਿਹੜੀ ਖੁਸ਼ਹਾਲ ਜ਼ਿੰਦਗੀ ਦਾ ਰਸਤਾ ਹੈ ਉਹ ਕਿਤਾਬਾਂ ਵਿਚੋਂ ਹੋ ਕੇ ਲੰਘਦਾ ਹੈ। ਖੁਸ਼ਹਾਲ ਜ਼ਿੰਦਗੀ ਤਦੇ ਹੋ ਸਕਦੀ ਹੈ ਅਸੀਂ ਆਪਣੀ ਸ਼ੋਸ਼ਲ ਸਾਇੰਸ ਨੂੰ ਪੜ੍ਹਦੇ ਹੋਈਏ, ਜੇ ਅਸੀਂ ਗਿਆਨ ਨਾਲ ਭਰਪੂਰ ਹੋਈਏ। ਗਿਆਨ ਸ਼ਬਦਾਂ ਦੀ ਦੌਲਤ ਸਾਡੇ ਆਲੇ ਦੁਆਲੇ ਹੋਵੇ, ਸਾਡੇ ਅੰਦਰ ਹੋਵੇ, ਪਰਿਵਾਰ ਦੇ ਕੋਲ ਹੋਵੇ, ਤੇ ਸ਼ਬਦਾਂ ਰਾਹੀਂ ਅਸੀਂ ਆਪਣੇ ਆਪ ਨੂੰ ਜਾਣੀਏ।

ਆਓ ਆਪਾਂ ਫਿਰ ਸਾਹਿਤ ਨੂੰ ਵੱਧ ਤੋਂ ਵੱਧ ਪਿਆਰ ਕਰੀਏ। ਔਰ ਇਸ ਪੁਸਤਕ ਮੇਲੇ ਨੂੰ ਖੁਸ਼ਆਮਦੀਦ ਕਹਿੰਦੇ ਹੋਏ ਅਗਲੇ ਸਾਲ ਤੱਕ ਆਉਣ ਦਾ ਵਾਅਦਾ ਵੀ ਕਰੀਏ। ਤੇ ਇਹ ਵੀ ਕਹੀਏ ਕਿ ਪੁਸਤਕ ਮੇਲੇ ਲੱਗਦੇ ਰਹਿਣ, ਸਾਹਿਤ ਨਾਲ ਅਸੀਂ ਲਬਰੇਜ਼ ਹੁੰਦੇ ਰਹੀਏ ਤੇ ਸਾਹਿਤ ਦੀ ਦੌਲਤ ਸਾਡੇ ਘਰ ਦੇ ਵਿਚ ਵੀ ਹੋਵੇ, ਸਾਡੇ ਮਨ ਦੇ ਵਿਚ ਵੀ ਹੋਵੇ, ਤੇ ਸਾਡੀ ਲਾਇਬ੍ਰੇਰੀ ਦੇ ਵਿਚ ਵੀ ਹੋਵੇ ਤੇ ਅਸੀਂ ਦਿਨ ਦੂਣੀ ਦਿਨ ਚੌਗੁਣੀ ਤਰੀਕੀ ਕਰਦੇ ਰਹੀਏ। ਉਹਨਾਂ ਸਾਰੇ ਲੋਕਾਂ ਨੂੰ ਯਾਦ ਕਰੀਏ ਜਿਨ੍ਹਾਂ ਨੇ ਸਾਨੂੰ ਪੜ੍ਹਣ ਪਾਇਆ ਚਾਹੇ ਉਹ ਗੁਰਬਖਸ਼ ਸਿੰਘ ਪ੍ਰੀਤਲੜੀ, ਜਸਵੰਤ ਸਿੰਘ ਕੰਵਲ, ਨਰਿੰਦਰ ਸਿੰਘ ਕਪੂਰ, ਪਰਮਿੰਦਰ ਸੋਢੀ, ਰਾਮ ਸਰੂਪ ਅਣਖੀ, ਬਲਦੇਵ ਸਿੰਘ ਸੜਕਨਾਮਾ, ਜਸਵੰਤ ਜ਼ਫ਼ਰ, ਸੁਰਜੀਤ ਪਾਤਰ, ਪਾਸ਼, ਸੰਤ ਰਾਮ ਉਦਾਸੀ, ਬਾਬੂ ਰਜਬ ਅਲੀ, ਗਿਆਨੀ ਦਿਤ ਸਿੰਘ ਹੈ। ਸੈਂਕੜੇ ਹੀ ਉਹ ਲੇਖਕ ਇਸ ਵਕਤ ਸਾਡੇ ਜਹਿਨ ਵਿਚ ਨਹੀਂ ਚਾਹੇ ਉਹ ਹਰਪਾਲ ਸਿੰਘ ਪੰਨੂੰ। ਇਹਨਾਂ ਸਾਰੇ ਲੇਖਕਾਂ ਨੇ ਸਾਨੂੰ ਬਹੁਤ ਵੱਡਾ ਯੋਗਦਾਨ ਦਿੱਤਾ ਹੈ। ਚਾਹੇ ਉਹ ਨਿੰਦਰ ਘੁਗਿਆਣਵੀ, ਡਾ. ਜਗਤਾਰ, ਡਾ. ਅਜਾਇਬ ਸਿੰਘ, ਮੋਹਨ ਕਾਹਲੋ, ਕੇ. ਐਲ. ਗਰਗ, ਸੰਤ ਸਿੰਘ ਸੇਖੋਂ, ਸ਼ਾਇਰ ਜਸਵਿੰਦਰ, ਸੁਰਜੀਤ ਜੱਜ, ਜਗਵਿੰਦਰ ਜੋਧਾ, ਡਾ. ਸਵਰਾਜਬੀਰ, ਗੁਰਸ਼ਰਨ ਭਾਜੀ, ਅਜਮੇਰ ਸਿੰਘ ਔਲਖ, ਪਾਲੀ ਭੁਪਿੰਦਰ, ਕੇਵਲ ਧਾਲੀਵਾਲ, ਸੁਖਜੀਤ, ਰਾਮ ਸਿੰਘ, ਪਰਮਜੀਤ ਸਿੰਘ ਜੱਜ, ਓਮ ਪ੍ਰਕਾਸ਼ ਗਾਸੋ, ਨਦੀਮ ਪਰਮਾਰ, ਸੁਖਵਿੰਦਰ ਅੰਮ੍ਰਿਤ, ਸ਼ਾਹ ਚਮਨ, ਮਨਮੋਹਨ ਬਾਵਾ, ਓਮ ਪ੍ਰਕਾਸ਼ ਵਾਲਮੀਕੀ, ਗੁਰਮੀਤ ਕੜਿਆਲਵੀ, ਕਿਰਪਾਲ ਕਜ਼ਾਕ, ਗੁਰਪ੍ਰੀਤ ਸਿੰਘ ਤੂਰ, ਜਗਤਾਰ ਢਾਅ, ਮਨਮੋਹਨ, ਦਰਸ਼ਨ ਬੁੱਟਰ, ਗੁਰਭਜਨ ਗਿੱਲ, ਲਖਵਿੰਦਰ ਜੌਹਲ, ਸੁਖਦੇਵ ਮਾਦਪੁਰੀ, ਸੁਰਜੀਤ ਸਿੰਘ ਭੱਟੀ, ਗੁਰਇਕਬਾਲ ਸਿੰਘ, ਬਲਦੇਵ ਸਿੰਘ ਚੀਮਾ, ਹਰਕੀਰਤ ਕੌਰ ਚਾਹਲ, ਨਛੱਤਰ, ਗੁਰਵਿੰਦਰ ਖਹਿਰਾ, ਉਕਾਰਪ੍ਰੀਤ, ਪਰਮਜੀਤ ਦਿਉਲ, ਪਿਆਰਾ ਸਿੰਘ ਗੁੱ-ਡੋਵਾਲ ਸਾਹਿਤ ਨੂੰ ਪ੍ਰਫੁੱਲਿਤ ਕਰਨ ਦੇ ਵਿਚ ਇਹ ਸਾਰੇ ਲੇਖਕਾਂ ਨੇ ਆਪਣਾ ਆਪਣਾ ਹਿੱਸਾ ਪਾਇਆ ਹੈ। ਤੇ ਆਓ ਆਪਾਂ ਇਸ ਸਾਹਿਤ ਨੂੰ ਪ੍ਰਫੁੱਲਿਤ ਕਰਨ ਵਾਲੀ ਰਸਤੇ ਦੇ ਵਿਚ ਮੰਜ਼ਿਲ ਵੱਲ ਅੱਗੇ ਵਧੀਏ ਤਾਂ ਕਿ ਹਰ ਇਕ ਰਾਹ ਇਕ ਪੜਾਅ ਦਾ ਰੂਪ ਤੈਅ ਕਰੇ ਤੇ ਉਸ ਮੰਜ਼ਿਲ ਵੱਧ ਵਧਦੇ ਜਾਈਏ ਤੇ ਆਪਣੀ ਜ਼ਿੰਦਗੀ ਨੂੰ ਖੁਸ਼ਹਾਲ ਬਣਾਈਏ।




## ਸੁਖਦੇਵ ਸਿੰਘ ਬੇਦੀ ਦਾ ਸਨਮਾਨ





ਬੀਤੇ ਦਿਨੀਂ ਰੌਬਰਟ ਪੋਸਟ ਸੀਨੀਅਰ ਕਲੱਬ ਬਰੈਂਪਟਨ ਦੇ ਮੈਬਰਾਂ ਨੇ ਪਾਰਕ ਵਿੱਚ ਕਲੱਬ ਦੇ ਪ੍ਰਧਾਨ ਸੁਖਦੇਵ ਸਿੰਘ ਬੇਦੀ ਨੂੰ ਵਿਦਾਇਗੀ ਪਾਰਟੀ ਦਿੱਤੀ।ਪਿਛਲੇ ਇਕ ਸਾਲ ਤੋਂ ਹੋਂਦ ਵਿੱਚ ਆਈ ਇਹ ਕਲੱਬ ਨੂੰ ਸਥਾਪਿਤ ਕਰਨ ਤੇ ਏਰੀਏ ਦੇ ਸੀਨੀਅਰਜ਼ ਨੂੰ ਇਕੱਠਾ ਕਰਨ ਤੇ ਉਹਨਾਂ ਵਿੱਚ ਭਾਈਚਾਰਕ ਸਾਂਝ ਕਾਇਮ ਕਰਨ ਵਿੱਚ ਉਹਨਾਂ ਦਾ ਮੁੱਖ ਯੋਗਦਾਨ ਰਿਹਾ।ਬੇਦੀ ਸਾਹਿਬ ਹੁਣ ਆਪਣੇ ਪਰਿਵਾਰ ਨਾਲ ਇਥੋਂ ਮੂਵ ਹੋ ਰਹੇ ਹਨ।ਉਹਨਾਂ ਦੀਆਂ ਕਲੱਬ ਪ੍ਰਤੀ ਸੇਵਾਵਾਂ ਨੂੰ ਮੁੱਖ ਰੱਖਦਿਆਂ ਉਹਨਾਂ ਨੂੰ ਸਨਮਾਨ ਵਜੋਂ ਯਾਦਗਾਰੀ ਚਿੰਨ੍ਹ ਦਿਤੇ ਗਏ ਤੇ ਬੁਲਾਰਿਆਂ ਨੇ ਉਹਨਾਂ ਦੀ ਕਲੱਬ ਲਈ ਕੀਤੀ ਗਈ ਨਿਸ਼ਕਾਮ ਸੇਵਾ ਲਈ ਧੰਨਵਾਦ ਕੀਤਾ ।ਇਸਦੇ ਨਾਲ ਹੀ ਮੈਂਬਰਾਂ ਨੇ ਉਹਨਾਂ ਦੀ ਥਾਂ ਤੇ ਬਲਵਿੰਦਰ ਸਿੰਘ ਸਿਧੂ ਦੀ ਪਰਧਾਨ ਦੇ ਅਹੁਦੇ ਤੇ ਚੋਣ ਕਰਨ ਦਾ ਮਤਾ ਰਖਿਆ ਗਿਆ ਜਿਸ ਨੂੰ ਸਰਬਸੰਮਤੀ ਨਾਲ ਪ੍ਰਵਾਨ ਕਰ ਲਿਆ ਗਿਆ ।ਅੰਤ ਵਿੱਚ ਸੁਖਦੇਵ ਸਿੰਘ ਬੇਦੀ ਵਲੋਂ ਕਲੱਬ ਮੈਂਬਰਾਂ ਵਲੋਂ ਉਹਨਾਂ ਪ੍ਰਤੀ ਦਿਖਾਏ ਗਏ ਸਨੇਹ ਤੇ ਵਦਾਇਗੀ ਪਾਰਟੀ ਲਈ ਸਾਰਿਆਂ ਦਾ ਧੰਨਵਾਦ ਕੀਤਾ ਤੇ ਲਗਾਤਾਰ ਮਿਲਦੇ ਰਹਿਣ ਦਾ ਵਾਅਦਾ ਕੀਤਾ।ਇਸ ਵਿਦਾਇਗੀ ਪਾਰਟੀ ਨੂੰ ਕਾਮਯਾਬ ਕਰਨ ਲਈ ਹੋਰਾਂ ਤੋਂ ਇਲਾਵਾ ਬਲਵਿੰਦਰ ਸਿਧੂ, ਚਰਨਜੀਤ ਸਿੰਘ ਦਿਉਲ ਉਪ ਪ੍ਰਧਾਨ, ਅਮਰਜੀਤ ਸਿੰਘ ਸਿਧੂ ਕੈਸ਼ੀਅਰ, ਮਨਜੀਤ ਸਿੰਘ ਚਾਹਲ ਸਕਤਰ,ਮਹਿੰਦਰ ਸਿੰਘ ਥਿਆੜਾ, ਸੁਖਵਿੰਦਰ ਕੌਰ ਬਰਾੜ, ਗੁਰਪ੍ਰੀਤ ਕੌਰ ਸਿੱਧੂ, ਸਤਨਾਮ ਬਰਾੜ ਦਾ ਮੁੱਖ ਯੋਗਦਾਨ ਰਿਹਾ ।

ਵਲੋਂ:ਮਹਿੰਦਰ ਮੋਹੀ, 416 6591232

For All Electrical Work/ਬਿਜਲੀ ਦਾ ਕੋਈ ਵੀ ਕੰਮ ਹੋਵੇ



- Residential/Commercial/Industrial
- Basement Electrical Wiring
- Service Panel Upgrading
- Fire Alarm
- Driveway Lights

Save UPTO 40 TO 50% On Your HYDRO BILL
LED Pot Lights(Indoor/Outdoor) ਲਗਵਾਉ Hydro Bill ਤੇ 40%-50% ਬਚਾਉ

Contact: Nirmal Singh Johal(Certified Electrician)647-716-2677

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7



# ਸੰਪਾਦਕੀ

## ਡੱਗ ਫੋਰਡ ਨੂੰ ਮਿਲੀ ਸਟੇਅ ਦੇ ਫੈਸਲੇ ਤੋਂ ਮਿਲਦੇ ਸਬਕ

ਉਂਟੇਰੀਓ ਦੀ ਅਪੀਲ ਕੋਰਟ ਦੇ ਤਿੰਨ ਜੱਜਾਂ ਉੱਤੇ ਆਧਾਰਿਤ ਬੈਂਚ ਵੱਲੋਂ ਸਰਬਸੰਮਤੀ ਨਾਲ ਉਸ ਫੈਸਲੇ ਉੱਤੇ ਸਟੇਅ ਦੇਣਾ ਅਹਿਮੀਅਤ ਰੱਖਦਾ ਹੈ ਜੋ ਉਂਟੇਰੀਓ ਸੁਪੀਰੀਅਰ ਕੋਰਟ ਦੇ ਜੱਜ ਐਡਵਾਰਡ ਬੀਲੋਬਾਬਾ ਨੇ ਪ੍ਰੋਵਿਸ਼ੀਅਲ ਪਾਰਲੀਮੈਂਟ ਵੱਲੋਂ ਪਾਸ ਬਿੱਲ 5 ਨੂੰ ਬੇਅਸਰ ਕਰਨ ਲਈ ਦਿੱਤਾ ਸੀ। ਬਿੱਲ 5 ਉਹ ਕਨੂੰਨ ਹੈ ਜਿਸ ਤਹਿਤ ਟੋਰਾਂਟੋ ਸਿਟੀ ਕਾਉਂਸਲ ਦੀਆਂ ਸੀਟਾਂ ਨੇ 47 ਤੋਂ ਘੱਟ ਹੋ ਕੇ 25 ਰਹਿ ਜਾਣਾ ਸੀ। ਟੋਰਾਂਟੋ ਸਿਟੀ ਵੱਲੋਂ ਇਸ ਕਨੂੰਨ ਦੇ ਲਾਗੂ ਹੋਣ ਉੱਤੇ ਸਟੇਅ ਲੈਣ ਲਈ ਅਦਾਲਤ ਵਿੱਚ ਕੇਸ ਕੀਤਾ ਗਿਆ ਜਿਸਨੂੰ ਜੱਜ ਬੀਲੋਬਾਬਾ ਨੇ ਮਨਜ਼ੂਰ ਕੀਤਾ ਸੀ। ਅਪੀਲ ਕੋਰਟ ਨੇ ਉਸ ਸਟੇਅ ਨੂੰ ਖਾਰਜ ਕਰ ਦਿੱਤਾ ਹੈ ਜਿਸਦਾ ਅਰਥ ਇਹ ਕਿ ਹੁਣ ਸਿਟੀ ਨੂੰ 25 ਕਾਉਂਸਲ ਸੀਟਾਂ ਲਈ ਹੀ ਚੋਣ ਕਰਵਾਉਣੀ ਹੋਵੇਗੀ।

ਡੱਗ ਫੋਰਡ ਵੱਲੋਂ ਕਾਉਂਸਲਰਾਂ ਦੀ ਗਿਣਤੀ ਨੂੰ ਘੱਟ ਕਰਨ ਦੇ ਫੈਸਲੇ ਦਾ ਕਈ ਪਾਸਿਆਂ ਤੋਂ ਵਿਰੋਧ ਹੋਇਆ ਜਿਸਦਾ ਵੱਖ ਵੱਖ ਖੇਤਰਾਂ ਸਮੇਤ ਮੀਡੀਆ ਵਿੱਚ ਵਿਰੋਧ ਕੀਤਾ ਗਿਆ। ਇਹ ਵਿਰੋਧ ਜ਼ਿਆਦਾਤਰ ਉਸ ਤਬਕੇ ਵੱਲੋਂ ਕੀਤਾ ਗਿਆ ਜਿਸ ਕੋਲ ਆਪਣੀ ਆਵਾਜ਼ ਚੁੱਕਣ ਦੇ ਸਾਧਨ ਸਨ। ਮੀਡੀਆ ਉਹਨਾਂ ਸਾਧਨਾਂ ਵਿੱਚੋਂ ਇੱਕ ਹੈ ਅਤੇ ਜ਼ਿਆਦਾਤਰ ਮੀਡੀਆ ਆਊਟਲੈੱਟਾਂ ਨੇ ਡੱਗ ਫੋਰਡ ਨੂੰ ਪਾਣੀ ਪੀ ਪੀ ਕੇ ਕੋਸਿਆ। ਕੋਈ ਸ਼ੱਕ ਨਹੀਂ ਕਿ ਡੱਗ ਫੋਰਡ ਨੇ ਸੀਟਾਂ ਘੱਟ ਕਰਨ ਦਾ ਫੈਸਲਾ ਸਿਆਸੀ ਬਦਲੇ ਦੀ ਭਾਵਨਾ ਨਾਲ ਲਿਆ ਸੀ ਪਰ ਕੀ ਸੱਤਾ ਬਣਾਉਣ ਵਾਲੀ ਹਰ ਸਿਆਸੀ ਧਿਰ ਅਜਿਹਾ ਨਹੀਂ ਕਰਦੀ। ਜਦੋਂ ਜੰਗ ਸਿਆਸੀ ਹੈ ਤਾਂ ਬਦਲੇ ਵੀ ਸਿਆਸੀ ਹੀ ਹੋਣਗੇ। ਸਿਆਸੀ ਫੈਸਲੇ ਉੱਨੇ ਕੁ ਗਲਤ ਜਾਂ ਸਹੀ ਹੁੰਦੇ ਹਨ ਜਿੰਨਾ ਕੁ ਤੁਸੀਂ ਸਿਆਸੀ ਪੱਧਰ ਉੱਤੇ ਉਲਾਰ ਹੁੰਦੇ ਹੋ। ਪਰ ਜਿਸ ਵਿਸ਼ੇਸ਼ ਵਰਗ ਵੱਲੋਂ ਆਪਣੇ ਸ਼ਕਤੀਸ਼ਾਲੀ ਪ੍ਰਭਾਵ ਤਹਿਤ ਉਲਾਰ ਸੋਚ ਨੂੰ ਹੱਲਾਸ਼ੇਰੀ ਦੇ ਕੇ ਇੱਕ ਪੂਰੇ ਦੇ ਪੂਰੇ ਸਮਾਜਕ ਵਰਗ ਨੂੰ ਖਲਨਾਇਕ ਬਣਾਇਆ ਜਾਂਦਾ ਹੈ, ਉਸਦੇ ਸਿੱਟੇ ਵਜੋਂ ਵੇਖਣ ਨੂੰ ਮਿਲ ਰਿਹਾ ਹੈ ਕਿ ਕੈਨੇਡਾ ਅਤੇ ਅਮਰੀਕਾ ਵਿੱਚ ਸੱਜੀ ਪੱਖੀ ਕੱਟੜਪੰਥੀ ਗੁੱਟਾਂ ਨੂੰ ਆਪਣਾ ਰੋਹ ਸਾਹਮਣੇ ਲਿਆਉਣ ਦਾ ਮੌਕਾ ਮਿਲ ਰਿਹਾ ਹੈ। ਇਹ ਰੁਝਾਨ ਲੋਕਤੰਤਰ ਲਈ ਸਿਹਤਮੰਦ ਨਹੀਂ ਹੈ।

ਇਹ ਇੱਕ ਜਾਣਿਆ ਪਹਿਚਾਣਿਆ ਤੱਥ ਹੈ ਕਿ ਜਦੋਂ ਸਰਕਾਰਾਂ ਬਦਲਦੀਆਂ ਹਨ ਤਾਂ ਉਹ ਜੁਡੀਸ਼ਰੀ ਵਿੱਚ ਆਪਣੀ ਮਰਜ਼ੀ ਦੇ ਜੱਜ ਅਤੇ ਹੋਰ ਅਮਲੇ ਫੈਲੇ ਨੂੰ ਨਿਯੁਕਤ ਕਰਨ ਦੀ ਹਰ ਕੋਸ਼ਿਸ਼ ਕਰਦੀਆਂ ਹਨ। ਉਂਟੇਰੀਓ ਲਿਬਰਲਾਂ ਨੇ ਆਪਣੇ ਪਿਛਲੇ 15 ਸਾਲਾਂ ਦੇ ਰਾਜ ਕਾਲ ਦੌਰਾਨ ਜੁਡੀਸ਼ਰੀ ਵਿੱਚ ਐਨਾ ਕੁ ਪ੍ਰਭਾਵ ਕਾਇਮ ਕਰ ਲਿਆ ਸੀ ਕਿ ਬਹੁਤ ਸਾਰੇ ਜੱਜ ਉਹਨਾਂ ਪ੍ਰਤੀ ਨਰਮਾਈ ਵਰਤਣ ਨੂੰ ਵਫ਼ਾਦਾਰੀ ਦਾ ਪ੍ਰਗਟਾਵਾ ਮੰਨਦੇ ਹਨ। ਬਿੱਲ 5 ਉੱਤੇ ਰੋਕ ਲਾਉਣ ਵਾਲੇ ਜੱਜ ਬੀਲੋਬਾਬਾ ਬੇਸ਼ੱਕ ਬਹੁਤ ਅਨੁਭਵੀ ਅਤੇ ਹੰਢੇ ਵਰਤੇ ਜੱਜ ਦੱਸੇ ਜਾਂਦੇ ਹਨ ਪਰ ਇਹ ਆਖਣਾ ਔਖਾ ਹੈ ਕਿ ਸਿਆਸੀ ਮਾਮਲਿਆਂ ਉੱਤੇ ਫੈਸਲੇ ਦੇਣ ਵੇਲੇ ਉਹਨਾਂ ਵਰਗੇ ਜੱਜ ਆਪਣੇ ਸਿਆਸੀ ਆਕਾਵਾਂ ਦੀ ਸੋਚ ਤੋਂ ਪੂਰੀ ਤਰਾਂ ਨਿਰਲੇਪ ਰਹਿ ਪਾਉਂਦੇ ਹੋਣਗੇ।

ਪੰਜਾਬੀ ਪੋਸਟ ਨੇ ਆਪਣੇ ਇੱਕ ਆਰਟੀਕਲ ਵਿੱਚ ਲਿਖਿਅ ਸੀ ਕਿ ਜੱਜ ਬੀਲੋਬਾਬਾ ਦਾ ਫੈਸਲਾ ਅਦਾਲਤੀ ਘੱਟ ਅਤੇ ਸਿਆਸੀ ਵੱਧ ਜਾਪਦਾ ਹੈ। ਅਪੀਲ ਕੋਰਟ ਵੱਲੋਂ ਦਿੱਤੀ ਸਟੇਅ ਦੇ ਫੈਸਲੇ ਨੂੰ ਬੀਲੋਬਾਬਾ ਦੇ ਫੈਸਲੇ ਨਾਲ ਤੁਲਨਾ ਕਰਨਾ ਦਿਲਚਸਪ ਹੋਵੇਗਾ। ਬੀਲੋਬਾਬਾ ਨੇ ਕਿਹਾ ਕਿ ਬਿੱਲ 5 'ਬੋਲਣ ਦੀ ਆਜ਼ਾਦੀ' ਉੱਤੇ ਰੋਕ ਲਾਉਂਦਾ ਹੈ। ਅਪੀਲ ਕੋਰਟ ਨੇ ਆਖਿਆ ਹੈ ਕਿ ਅਜਿਹਾ ਕੁੱਝ ਨਹੀਂ ਹੈ ਕਿਉਂਕਿ ਚੋਣ ਲੜਨ ਦੀ ਚਾਹਵਾਨ ਉਮੀਦਵਾਰ ਵੋਟਰਾਂ ਨੂੰ ਜੋ ਆਖਣਾ ਚਾਹੁੰਦੇ ਹਨ, ਆਖ ਸਕਦੇ ਹਨ। ਬੀਲੋਬਾਬਾ ਦੇ ਫੈਸਲੇ ਮੁਤਾਬਕ ਬਿੱਲ 5 ਨਾਲ ਚਾਰਟਰ ਦੇ ਸੈਕਸ਼ਨ (b) ਦੀ ਉਲੰਘਣਾ ਹੋਵੇਗੀ ਪਰ ਅਪੀਲ ਕੋਰਟ ਉਸ ਨਾਲ ਸਹਿਮਤ ਨਹੀਂ ਹੋਈ। ਅਪੀਲ ਕੋਰਟ ਨੇ ਇਹ ਵੀ ਕਿਹਾ ਹੈ ਕਿ ਜੇ ਉਸਦੇ ਫੈਸਲੇ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਜਾਂਦੀ ਹੈ ਤਾਂ ਚੁਣੌਤੀ ਦੇਣ ਵਾਲੇ ਉੱਥੇ ਵੀ ਹਾਰਨਗੇ ਕਿਉਂਕਿ ਅਦਾਲਤਾਂ ਦਾ ਕੰਮ ਇਹ ਦੱਸਣਾ ਨਹੀਂ ਕਿ ਬਿੱਲ 5 ਸਹੀ ਹੈ ਜਾਂ ਨਹੀਂ ਸਗੋਂ ਅਦਾਲਤਾਂ ਦਾ ਕੰਮ ਇਹ ਵੇਖਣਾ ਹੈ ਕਿ ਬਿੱਲ 5 ਸੰਵਿਧਾਨਕ ਰੂਪ ਵਿੱਚ ਜਾਇਜ਼ ਹੈ ਜਾਂ ਨਹੀਂ (ਜੋ ਕਿ ਜਾਇਜ਼ ਹੈ)।

ਇਸ ਸੱਭ ਕੁੱਝ ਦਾ ਅਰਥ ਡੱਗ ਫੋਰਡ ਦੀ ਸੋਚ ਨੂੰ 100% ਸਹੀ ਕਰਾਰ ਦੇਣਾ ਨਹੀਂ ਸਗੋਂ ਉਸ ਰੁਝਾਨ ਤੋਂ ਸੁਚੇਤ ਕਰਨਾ ਹੈ ਜਿਸ ਤਹਿਤ ਇੱਕ ਖਾਸ ਕਿਸਮ ਦਾ ਪ੍ਰਚਾਰ ਲੋਕਮਤ ਨੂੰ ਇੱਕਪਾਸੜ ਬਣਾ ਦੇਂਦਾ ਹੈ। ਸਿਆਸਤਦਾਨਾਂ ਅਤੇ ਮੀਡੀਆ ਵੱਲੋਂ ਇਸ ਇੱਕਪਾਸੜ ਸੋਚ ਨੂੰ ਖੜਾ ਕਰਨ ਵਿੱਚ ਆਪਣਾ ਰੋਲ ਅਦਾ ਕੀਤਾ ਜਾਂਦਾ ਹੈ ਕਿਉਂਕਿ ਉਹਨਾਂ ਦੇ ਹੱਥ ਸੰਚਾਰ ਸਾਧਨਾਂ ਦੀ ਕੂੰਜੀ ਹੁੰਦੀ ਹੈ। ਨੁਕਸਾਨ ਇਹ ਹੁੰਦਾ ਹੈ ਕਿ ਹਾਸ਼ੀਏ ਉੱਤੇ ਧੱਕੇ ਗਏ ਲੋਕ ਗੁੱਸੇ ਵਿੱਚ ਆ ਕੇ ਸੱਜੀ ਪੱਖੀ ਕੱਟੜਵਾਦੀਆਂ ਨੂੰ ਜਾਇਜ਼ ਸਮਝਣ ਲੱਗ ਪੈਂਦੇ ਹਨ।

## ਹੇਠਲੀਆਂ ਅਦਾਲਤਾਂ ਵਿੱਚ ਕਈ ਦਹਾਕਿਆਂ ਤੋਂ 22 ਲੱਖ ਪੈਂਡਿੰਗ ਕੇਸ

ਨਵੀਂ ਦਿੱਲੀ, 19 ਸਤੰਬਰ (ਪੋਸਟ ਬਿਊਰੋ)- ਭਾਰਤ ਦੀਆਂ ਹੇਠਲੀਆਂ ਅਦਾਲਤਾਂ ਵਿੱਚ 22 ਲੱਖ ਕੇਸ ਪੈਂਡਿੰਗ ਹਨ, ਜੋ ਕਈ ਦਹਾਕੇ ਪੁਰਾਣੇ ਹਨ। ਤਾਜ਼ਾ ਸਰਕਾਰੀ ਅੰਕੜਿਆਂ ਤੋਂ ਮਿਲੀ ਜਾਣਕਾਰੀ ਮੁਤਾਬਕ ਇਹ ਕੇਸ ਹੇਠਲੀਆਂ ਅਦਾਲਤਾਂ ਵਿੱਚ ਲਗਭਗ ਕੁੱਲ ਪੈਂਡਿੰਗ ਢਾਈ ਕਰੋੜ ਕੇਸਾਂ ਦਾ 8.29 ਫੀਸਦੀ ਹਨ।
ਕੌਮੀ ਜੁਡੀਸ਼ਲ ਡੇਟਾ ਗਰਿੱਡ ਅਨੁਸਾਰ 17 ਸਤੰਬਰ ਸ਼ਾਮ ਤੱਕ ਹੇਠਲੀਆਂ ਅਦਾਲਤਾਂ ਵਿੱਚ ਕੁੱਲ 22,90,364 ਕੇਸ ਪੈਂਡਿੰਗ ਸਨ ਅਤੇ ਇਹ ਸਾਰੇ ਦਸ ਸਾਲ ਪੁਰਾਣੇ ਹਨ। ਇਨ੍ਹਾਂ ਵਿੱਚੋਂ 5,97,595 ਕੇਸ ਹਨ। ਦੀਵਾਨੀ ਮਾਮਲੇ ਆਮ ਤੌਰ 'ਤੇ ਕੁਝ ਵਿਅਕਤੀਆਂ ਅਤੇ ਸੰਗਠਨਾਂ ਵਿਚਾਲੇ ਨਿੱਜੀ ਵਿਵਾਦ ਬਾਰੇ ਹੁੰਦੇ ਹਨ। ਕੌਮੀ ਜੁਡੀਸ਼ਲ ਡੇਟਾ ਗਰਿੱਡ (ਐਨ ਜੇ ਡੀ ਜੀ) ਈ-ਕੋਰਟ ਇੰਟੈਗਰੇਟਿਡ ਮਿਸ਼ਨ ਪ੍ਰਾਜੈਕਟ ਦਾ ਹਿੱਸਾ ਹੈ ਅਤੇ ਇਹ ਪੈਂਡਿੰਗ ਕੇਸਾਂ ਦੀ ਗਿਣਤੀ ਘਟਾਉਣ, ਉਨ੍ਹਾਂ ਦੇ ਪ੍ਰਬੰਧ ਤੇ ਪਛਾਣ ਕਰਨ ਦਾ ਇਕ ਨਿਗਰਾਨੀ ਪ੍ਰਬੰਧ ਹੈ। ਸੁਪਰੀਮ ਕੋਰਟ ਦੀ ਈ-ਕਮੇਟੀ ਨੇ ਦੇਸ਼ ਦੀਆਂ ਜ਼ਿਲਾ ਅਦਾਲਤਾਂ ਵਿੱਚ ਪੈਂਡਿੰਗ ਕੇਸਾਂ ਬਾਰੇ ਡੇਟਾ ਜਾਰੀ ਕਰਨ ਲਈ ਐਨ ਜੇ ਡੀ ਜੀ ਸ਼ੁਰੂ ਕੀਤੀ ਸੀ। ਇਹ ਡੇਟਾ ਦੀਵਾਨੀ ਅਤੇ ਫੌਜਦਾਰੀ ਕੇਸਾਂ ਵਿੱਚ ਦਰਜ ਕੀਤਾ ਗਿਆ ਤੇ ਫਿਰ ਇਸ ਨੂੰ ਪੈਂਡਿੰਗ ਸਾਲਾਂ ਦੇ ਹਿਸਾਬ ਨਾਲ ਵੰਡਿਆ ਗਿਆ ਹੈ। ਕੇਂਦਰ ਨੇ 24 ਹਾਈ ਕੋਰਟਾਂ ਦੇ ਚੀਫ ਜਸਟਿਸਾਂ ਨੂੰ ਅਪੀਲ ਕੀਤੀ ਹੈ ਕਿ ਉਹ ਤੇਜ਼ੀ ਨਾਲ 10 ਵਰ੍ਹੇ ਪੁਰਾਣੇ ਕੇਸਾਂ ਦਾ ਨਿਬੇੜਾ ਕਰਨ। ਕਾਨੂੰਨ ਮੰਤਰੀ ਨੇ ਹਾਈ ਕੋਰਟਾਂ ਤੋਂ ਉਨ੍ਹਾਂ ਦੇ ਅਧਿਕਾਰ ਖੇਤਰ ਵਿਚਲੀਆਂ ਅਦਾਲਤਾਂ ਵਿੱਚ ਪੈਂਡਿੰਗ ਪਏ ਕੇਸਾਂ ਦੀ ਖੁਦ ਜਾ ਕੇ ਜਾਂਚ ਕਰਨ ਦੀ ਬੇਨਤੀ ਕੀਤੀ ਹੈ।


DIXIE
Registered Private Career College
TRUCK & FORKLIFT DRIVING SCHOOL
CLASS A,Z & FORKLIFT TRAINING
Contact Us for Great Results, Early Road Tests & Flexible Timing
- Special Training For Nervous Drivers
- Lady Instructor Available
- One to One Training
Forklift $79
Air Brake
Truck Driving Course
- Counter Balance
- Order Picker
- Raymond Reach
- Walkie
- Cheery Picker
AIR BRAKES CLASSES EVERY WED - THURS & SAT - SUN
Off: 905-452-3633/905-671-3633
Call MANN 416.629.4454
30 Hale Road Unit 1, Brampton ON, L6W 4N9


## ਨਾਫਟਾ ਡੀਲ ਸਾਈਨ ਕਰਨ ਤੋਂ ਪਹਿਲਾਂ ਆਪਣੀਆਂ ਕੁੱਝ ਮੰਗਾ ਮਨਵਾਉਣਾ ਚਾਹੁੰਦਾ ਹੈ ਕੈਨੇਡਾ

...ਪੰਨਾ 1 ਦਾ ਬਾਕੀ

ਫੈਡਰਲ ਸਰਕਾਰ ਉੱਤੇ ਇਸ ਡੀਲ ਨੂੰ ਸਿਰੇ ਚੜ੍ਹਾਉਣ ਲਈ ਕਾਫੀ ਦਬਾਅ ਵੱਧ ਚੁੱਕਿਆ ਹੈ। ਬੁੱਧਵਾਰ ਨੂੰ ਟੈਕਸਸ ਰਿਪਬਲਿਕਨ ਕੈਵਿਨ ਬਰੈਡੀ, ਜੋ ਕਿ ਹਾਊਸ ਵੇਅਜ਼ ਐਂਡ ਮੀਨਜ਼ ਕਮੇਟੀ ਦੇ ਮੁਖੀ ਹਨ ਨੇ ਦੱਸਿਆ ਕਿ ਦੋਵੇਂ ਧਿਰਾਂ ਸਮਝੌਤੇ ਦੇ ਕਾਫੀ ਨੇੜੇ ਹਨ ਤੇ ਹੁਣ ਹਿੰਮਤ ਕਰਕੇ ਕੈਨੇਡਾ ਨੂੰ ਇਹ ਡੀਲ ਸਿਰੇ ਚੜ੍ਹਾ ਲੈਣੀ ਚਾਹੀਦੀ ਹੈ। ਮੰਗਲਵਾਰ ਨੂੰ ਹਾਊਸ ਆਫ ਰਿਪਰਜ਼ੈਂਟੇਟਿਵਜ਼ ਦੇ ਮੈਜੋਰਿਟੀ ਵ੍ਹਿਪ ਸਟੀਵ ਸਕੈਲਿਸ ਨੇ ਵੀ ਕੈਨੇਡਾ ਦੇ ਗੱਲਬਾਤ ਕਰਨ ਦੇ ਢੰਗ ਤਰੀਕਿਆਂ ਉੱਤੇ ਇਤਰਾਜ਼ ਕਰਦਿਆਂ ਵੱਧ ਰਹੇ ਤਣਾਅ ਬਾਰੇ ਚੇਤਾਵਨੀ ਦਿੱਤੀ ਸੀ। ਟਰੇਡ ਆਬਜ਼ਰਵਰਜ਼ ਦਾ ਕਹਿਣਾ ਹੈ ਕਿ ਕਾਂਗਰਸ ਵਿੱਚ ਬਹੁਤੇ ਅਜਿਹੇ ਆਗੂ ਹਨ ਜਿਹੜੇ ਚਾਹੁੰਦੇ ਹਨ ਕਿ ਕੈਨੇਡਾ ਇਸ ਡੀਲ ਦਾ ਹਿੱਸਾ ਬਣੇ ਪਰ ਉਹ ਇਸ ਸਾਲ ਦੇ ਸ਼ੁਰੂ ਵਿੱਚ ਮੈਕਸਿਕੋ ਤੇ ਅਮਰੀਕਾ ਦਰਮਿਆਨ ਹੋਏ ਸਮਝੌਤੇ ਦੇ ਸਿਧਾਂਤਾਂ ਨੂੰ ਵੀ ਕੁਰਬਾਨ ਕਰਨ ਲਈ ਤਿਆਰ ਨਹੀਂ ਹਨ।

## ਸਿੱਖ ਜਥੇਬੰਦੀਆਂ ਵੱਲੋਂ ਬੇਅਦਬੀ ਕਾਂਡ ਬਾਰੇ 'ਪੰਥਕ ਅਸੈਂਬਲੀ' ਸੱਦਣ ਦਾ ਐਲਾਨ

...ਪੰਨਾ 1 ਦਾ ਬਾਕੀ

ਦਲ ਖਾਲਸਾ ਦੇ ਕੰਵਰਪਾਲ ਸਿੰਘ, ਅਕਾਲ ਪੁਰਖ ਕੀ ਫੌਜ ਦੇ ਐਡਵੋਕੇਟ ਜਸਵਿੰਦਰ ਸਿੰਘ, ਸਿੰਘ ਬ੍ਰਦਰਜ਼ ਵੱਲੋਂ ਕੁਲਦੀਪ ਸਿੰਘ, ਸਿੱਖ ਕੇਸਾਂ ਦੇ ਪ੍ਰਸਿੱਧ ਵਕੀਲ ਨਵਕਿਰਨ ਸਿੰਘ, ਪ੍ਰੋ. ਜਗਮੋਹਨ ਸਿੰਘ ਅਤੇ ਹੋਰ ਸ਼ਾਮਲ ਸਨ। ਮੀਟਿੰਗ ਬਾਰੇ ਪ੍ਰੋ. ਜਗਮੋਹਨ ਸਿੰਘ ਤੇ ਜਸਵਿੰਦਰ ਸਿੰਘ ਨੇ ਦੱਸਿਆ ਕਿ ਸਿੱਖ ਸੰਗਠਨਾਂ ਨੇ ਸਿੱਖ ਮੁੱਦੇ ਵਿਚਾਰਨ ਲਈ ਪੰਥਕ ਅਸੈਂਬਲੀ ਸੱਦਣ ਦਾ ਫੈਸਲਾ ਕੀਤਾ ਹੈ, ਜਿਸ ਦਾ ਪਹਿਲਾ ਸੈਸ਼ਨ ਅੰਮ੍ਰਿਤਸਰ ਵਿੱਚ 20 ਅਤੇ 21 ਅਕਤੂਬਰ ਨੂੰ ਹੋਵੇਗਾ ਅਤੇ ਬਰਗਾੜੀ ਤੇ ਹੋਰ ਬੇਅਦਬੀ ਮਾਮਲਿਆਂ ਦੀ ਮੌਜੂਦਾ ਸਥਿਤੀ 'ਤੇ ਵਿਚਾਰ ਕੀਤੀ ਜਾਵੇਗੀ।ਇਸ ਪੰਥਕ ਅਸੈਂਬਲੀ ਵੱਲੋਂ ਮਾਮਲੇ ਵਿਚਾਰਨ ਪਿੱਛੋਂ ਕੀਤੀਆਂ ਸਿਫਾਰਸ਼ਾਂ ਨੂੰ ਲੋੜ ਮੁਤਾਬਕ ਲੋਕਾਂ ਤੇ ਸਰਕਾਰ ਕੋਲ ਰੱਖਿਆ ਜਾਵੇਗਾ। ਇਹ ਪੰਥਕ ਅਸੈਂਬਲੀ ਸਿੱਖਾਂ ਦੇ ਪਰੈਸ਼ਰ ਗਰੁੱਪ ਦਾ ਕੰਮ ਕਰੇਗੀ, ਜਿਸ ਲਈ ਜਥੇਬੰਦਕ ਕਮੇਟੀ ਦੇ ਦਸ ਮੈਂਬਰ ਹੋਣਗੇ। ਇਨ੍ਹਾਂ ਵਿਚ ਗਿਆਨੀ ਕੇਵਲ ਸਿੰਘ, ਹਰਪਾਲ ਸਿੰਘ ਚੀਮਾ (ਦਲ ਖਾਲਸਾ), ਸਿਮਰਨਜੀਤ ਸਿੰਘ ਮਾਨ, ਨਵਕਿਰਨ ਸਿੰਘ ਐਡਵੋਕੇਟ, ਖੁਸ਼ਹਾਲ ਸਿੰਘ ਚੰਡੀਗੜ੍ਹ, ਕੁਲਵੰਤ ਕੌਰ, ਪ੍ਰੋ. ਜਗਮੋਹਨ ਸਿੰਘ, ਸੁਖਦੇਵ ਸਿੰਘ ਭੌਰ, ਕੰਵਰਪਾਲ ਸਿੰਘ ਬਿੱਟੂ, ਜਸਵਿੰਦਰ ਸਿੰਘ ਐਡਵੋਕੇਟ, ਸਤਨਾਮ ਸਿੰਘ ਖੰਡਾ (ਪੰਜ ਪਿਆਰੇ) ਸ਼ਾਮਲ ਹਨ। ਇਹੋ ਕਮੇਟੀ ਪੰਥਕ ਅਸੈਂਬਲੀ ਦੇ 117 ਮੈਂਬਰ ਨਾਮਜ਼ਦ ਕਰੇਗੀ। ਇਸ ਤੋਂ ਪਹਿਲਾਂ ਇਹ ਕਮੇਟੀ ਨਾਮਜ਼ਦ ਕੀਤੇ ਜਾਣ ਵਾਲੇ ਮੈਂਬਰਾਂ ਦੀ ਚੋਣ ਦੇ ਨਿਯਮ ਤੈਅ ਕਰੇਗੀ। ਉਨ੍ਹਾਂ ਦੱਸਿਆ ਕਿ ਕਿੰਨਾਂ ਸਿੱਖ ਮੁੱਦਿਆਂ 'ਤੇ ਚਰਚਾ ਕਰਨੀ ਹੈ, ਅਸੈਂਬਲੀ ਦੇ ਮੈਂਬਰ ਕੌਣ ਹੋਣ ਤੇ ਮੁੱਦਿਆਂ ਦੀ ਚਰਚਾ ਦੇ ਢੰਗ ਦਾ ਫੈਸਲਾ ਵੀ ਇਹ ਕਮੇਟੀ ਹੀ ਕਰੇਗੀ।
ਇਸ ਦੌਰਾਨ ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਸਰਬੱਤ ਖਾਲਸਾ ਵਾਲੇ ਜਥੇਦਾਰ ਇਸ ਅਸੈਂਬਲੀ ਦੇ ਮੈਂਬਰ ਹੋ ਸਕਦੇ ਹਨ। ਇਨ੍ਹਾਂ ਸੰਗਠਨਾਂ ਨੇ ਬਰਗਾੜੀ ਵਾਲੇ ਧਰਨੇ ਦੌਰਾਨ ਰੱਖੀਆਂ ਮੰਗਾਂ ਦਾ ਸਮਰਥਨ ਕੀਤਾ ਹੈ। ਪੰਥਕ ਅਸੈਂਬਲੀ ਨੂੰ ਸੱਦਣ ਦੀ ਲੋੜ ਬਾਰੇ ਸਿੱਖ ਆਗੂਆਂ ਨੇ ਕਿਹਾ ਕਿ ਬਰਗਾੜੀ ਤੇ ਬੇਅਦਬੀ ਕੇਸਾਂ ਵਿੱਚ ਅਕਾਲੀ ਤੇ ਕਾਂਗਰਸ ਦੋਵਾਂ ਸਰਕਾਰਾਂ ਨੇ ਅਮਲ ਵਿਚ ਕੁਝ ਨਹੀਂ ਕੀਤਾ। ਤਿੰਨ ਜਾਂਚ ਕਮਿਸ਼ਨ ਬਣੇ, ਪਰ ਉਨ੍ਹਾਂ ਦੀਆਂ ਰਿਪੋਰਟਾਂ 'ਤੇ ਕਾਰਵਾਈ ਨਹੀਂ ਹੋਈ ਅਤੇ ਸ਼੍ਰੋਮਣੀ ਕਮੇਟੀ ਨੇ ਕਮਿਸ਼ਨ ਦੀ ਰਿਪੋਰਟ ਨੂੰ ਦੇਖੇ ਬਿਨਾਂ ਰੱਦ ਕਰ ਦਿੱਤਾ ਹੈ। ਦਿੱਲੀ ਸਿੱਖ ਗੁਰਦੁਆਰਾ ਕਮੇਟੀ ਵੀ ਇਸੇ ਰਾਹੇ ਚੱਲ ਰਹੀ ਹੈ। ਬਰਗਾੜੀ ਵਿੱਚ ਬੈਠੇ ਸਿੱਖਾਂ ਨੂੰ ਤਿੰਨ ਮਹੀਨੇ ਤੋਂ ਵੱਧ ਸਮਾਂ ਹੋ ਗਿਆ, ਪਰ ਮੁਹਿੰਮ ਸਫਲ ਨਹੀਂ ਹੋ ਸਕੀ, ਇਸੇ ਲਈ ਸਿੱਖਾਂ ਦੀ ਮੰਗ ਉੱਤੇ ਪੰਥਕ ਅਸੈਂਬਲੀ ਸੱਦਣ ਦਾ ਫੈਸਲਾ ਕੀਤਾ ਗਿਆ ਹੈ।


ਪੰਜਾਬੀ ਪੋਸਟ
Canadian Punjabi Post
Head Office
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

| | |
|---|---|
| Founder Editor | - Jagdish Singh Grewal |
| Managing Director | - Parminder Kaur Grewal |
| Honorary Editor | - Jatinder Pannu |
| Contributing Editors | - Karam Singh Punia<br>- Gyan Singh<br>- Angrej Singh |
| Office Admin Assistant | - Priya Sodhi |
| Marketing Executives | - HS Nagpal<br>- Gurpreet Singh Pall<br>- |
| Photographer | - Kanwaljit Singh Kanwal |
| Distribution | - Aman Warriach |


Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

## ਪ੍ਰਮਾਣੂ ਸਾਈਟਜ਼ ਬੰਦ ਕਰਨ ਲਈ ਰਾਜ਼ੀ ਹੈ ਕਿੰਮ ਬਸ਼ਰਤੇ ਅਮਰੀਕਾ ਵੀ ਅਜਿਹਾ ਕਰੇ!

...ਪੰਨਾ 1 ਦਾ ਬਾਕੀ

ਉੱਤਰੀ ਕੋਰੀਆਈ ਆਗੂ ਕਿੰਮ ਜੌਂਗ ਉਨ ਦਾ ਕਹਿਣਾ ਹੈ ਕਿ ਉਹ ਸਥਾਈ ਤੌਰ ਉੱਤੇ ਪ੍ਰਮਾਣੂ ਕਾਂਪਲੈਕਸ ਨੂੰ ਖਤਮ ਕਰ ਦੇਣਗੇ ਬਸ਼ਰਤੇ ਅਮਰੀਕਾ ਵੀ ਅਜਿਹਾ ਕਰਨ ਲਈ ਰਾਜ਼ੀ ਹੋਵੇ। ਆਪਣੀਆਂ ਮੀਟਿੰਗਾਂ ਦੇ ਦੂਜੇ ਦਿਨ ਇਸ ਸਾਲ ਦੇ ਸ਼ੁਰੂ ਵਿੱਚ ਹੋਈਆ ਦੋ ਸਿਖਰ ਵਾਰਤਾਵਾਂ ਦੀ ਗੱਲ ਕਰਦਿਆਂ ਕਿੰਮ ਤੇ ਦੱਖਣੀ ਕੋਰੀਆਈ ਰਾਸ਼ਟਰਪਤੀ ਮੂਨ ਜੇਈ ਇਨ ਨੇ ਇਸ ਗੱਲ ਉੱਤੇ ਸਹਿਮਤੀ ਪ੍ਰਗਟਾਈ ਕਿ ਤਣਾਅ ਘਟਾਉਣ ਲਈ ਤਾਂਘਵਾਨ ਪ੍ਰੋਗਰਾਮ ਜ਼ਰੂਰ ਲਾਗੂ ਕੀਤਾ ਜਾਵੇਗਾ। ਪਿਛਲੇ ਸਾਲ ਉੱਤਰੀ ਕੋਰੀਆ ਵੱਲੋਂ ਕਈ ਤਾਕਤਵਰ ਹਥਿਆਰਾਂ ਦੇ ਕੀਤੇ ਗਏ ਪ੍ਰੀਖਣ ਤੋਂ ਬਾਅਦ ਜੰਗ ਛਿੜਨ ਦਾ ਖਦਸ਼ਾ ਖੜ੍ਹਾ ਹੋ ਗਿਆ ਸੀ।
ਕਿੰਮ ਨੇ ਵਾਅਦਾ ਕੀਤਾ ਕਿ ਉਹ ਕੌਮਾਂਤਰੀ ਇੰਸਪੈਕਟਰਜ਼ ਨੂੰ ਆਪਣੀ ਅਹਿਮ ਮਿਜ਼ਾਈਲ ਸਾਈਟਜ਼ ਤੇ ਲਾਂਚ ਪੈਡ ਬੰਦ ਕੀਤੇ ਜਾਣ ਦੀ ਕਾਰਵਾਈ ਦੀ ਨਿਗਰਾਨੀ ਲਈ ਆਪਣੇ ਦੇਸ਼ ਆਉਣ ਦੇਣਗੇ। ਉਨ੍ਹਾਂ ਇਹ ਵੀ ਆਖਿਆ ਕਿ ਉਹ ਜਲਦ ਹੀ ਸਿਓਲ ਦਾ ਦੌਰਾ ਕਰਨਗੇ। ਦੋਵਾਂ ਆਗੂਆਂ ਨੇ 2032 ਵਿੱਚ ਹੋਣ ਵਾਲੀਆਂ ਗਰਮ ਰੁੱਤ ਦੀਆਂ ਓਲੰਪਿਕ ਖੇਡਾਂ ਦੀ ਮੇਜ਼ਬਾਨੀ ਰਲ ਕੇ ਕਰਨ ਦਾ ਤਹੱਈਆ ਵੀ ਪ੍ਰਗਟਾਇਆ।

## ਫੈਡਰਲ ਲਿਬਰਲ ਓਨਟਾਰੀਓ ਕਾਕਸ ਦੀ ਚੇਅਰ ਵਜੋਂ ਕਾਰਜਕਾਲ ਮੁਕੰਮਲ ਕਰਨ ਉੱਤੇ ਰੂਬੀ ਸਹੋਤਾ ਨੂੰ ਦਿੱਤੀ ਗਈ ਨਿੱਘੀ ਵਿਦਾਇਗੀ

ਓਨਟਾਰੀਓ, 19 ਸਤੰਬਰ (ਪੋਸਟ ਬਿਊਰੋ) : ਫੈਡਰਲ ਲਿਬਰਲ ਓਨਟਾਰੀਓ ਕਾਕਸ ਦੀ ਚੇਅਰ ਵਜੋਂ ਆਪਣਾ ਕਾਰਜਕਾਲ ਮੁਕੰਮਲ ਕਰਨ ਉੱਤੇ ਐਮਪੀ ਰੂਬੀ ਸਹੋਤਾ ਨੂੰ ਨਿੱਘੀ ਵਿਦਾਇਗੀ ਦਿੱਤੀ ਗਈ। ਇਸ ਮੌਕੇ ਉਨ੍ਹਾਂ ਆਖਿਆ ਕਿ ਫੈਡਰਲ ਲਿਬਰਲ ਓਨਟਾਰੀਓ ਕਾਕਸ ਦੀ ਚੇਅਰ ਦੇ ਆਪਣੇ ਕਾਰਜਕਾਲ ਦੌਰਾਨ ਉਨ੍ਹਾਂ ਓਨਟਾਰੀਓ ਨੂੰ ਵਿਕਾਸ ਦੀਆਂ ਨਵੀਆਂ ਬੁਲੰਦੀਆਂ ਉੱਤੇ ਜਾਂਦਿਆਂ ਵੇਖਿਆ ਹੈ। ਸਹੋਤਾ ਨੇ ਆਖਿਆ ਕਿ ਜਿਵੇਂ ਪ੍ਰਧਾਨ ਮੰਤਰੀ ਟਰੂਡੋ ਅਕਸਰ ਇਹ ਆਖਦੇ ਹਨ ਕਿ ਵੰਨਸੁਵੰਨਤਾ ਵਿੱਚ ਹੀ ਸਾਡੀ ਤਾਕਤ ਲੁਕੀ ਹੋਈ ਹੈ ਉਹ ਸਹੀ ਹੈ। ਜਦੋਂ ਵੀ ਫੈਡਰਲ ਲਿਬਰਲ ਓਨਟਾਰੀਓ ਕਾਕਸ ਉੱਤੇ ਨਜ਼ਰ ਮਾਰੀਦੀ ਹੈ ਤਾਂ ਇਹ ਗੱਲ ਬਿਲਕੁਲ ਸਹੀ ਲੱਗਦੀ ਹੈ।
79 ਮੈਂਬਰਾਂ ਵਾਲਾ ਇਹ ਹਾਊਸ ਆਫ ਕਾਮਨਜ਼ ਦਾ ਸੱਭ ਤੋਂ ਵੱਡਾ ਤੇ ਮਜ਼ਬੂਤ ਰੀਜਨਲ ਕਾਕਸ ਹੈ। ਅਸੀਂ ਟੋਰਾਂਟੋ ਤੋਂ ਸਡਬਰੀ, ਨਾਇਗਰਾ ਤੋਂ ਬਰੈਂਪਟਨ, ਓਟਵਾ ਤੋਂ ਸਾਲਟ ਸੇਂਟ ਮੇਰੀ ਤੇ ਇਸ ਦਰਮਿਆਨ ਆਉਣ ਵਾਲੇ ਇਲਾਕਿਆਂ ਤੇ ਹਲਕਿਆਂ ਦੀ ਨੁਮਾਇੰਦਗੀ ਕਰਦੇ ਹਾਂ। ਸਾਡੇ ਵਿੱਚ ਵਕੀਲ, ਨਰਸਾਂ, ਸੈਨਿਕ, ਬਿਜ਼ਨਸਮੈਨ ਤੇ ਸਮਾਜ ਸੇਵਕ ਸ਼ਾਮਲ ਹਨ। ਸਾਡੇ ਨੁਮਾਇੰਦੇ ਹਰ ਖੇਤਰ ਨਾਲ ਸਬੰਧਤ ਹਨ, ਜਿਨ੍ਹਾਂ ਦੀਆਂ ਜੜ੍ਹਾਂ ਤੇ ਸਬੰਧ ਦਰਜਨਾਂ ਹੋਰ ਦੇਸ਼ਾਂ ਨਾਲ ਹਨ ਤੇ ਜਿਹੜੇ ਕਈ ਭਾਸ਼ਾਵਾਂ ਬੋਲਦੇ ਹਨ। ਇਹ ਵੰਨਸੁਵੰਨਤਾ ਹੀ ਕੈਨੇਡਾ ਤੇ ਓਨਟਾਰੀਓ ਨੂੰ ਸਫਲਤਾ ਦੀਆਂ ਬੁਲੰਦੀਆਂ ਵੱਲ ਲਿਜਾ ਰਹੀ ਹੈ। ਅਸੀਂ ਕੈਨੇਡਾ ਨੂੰ ਬਿਹਤਰ ਥਾਂ ਬਣਾਉਣ ਲਈ ਜੀਅਜਾਨ ਇੱਕ ਕੀਤਾ ਹੋਇਆ ਹੈ।
ਉਨ੍ਹਾਂ ਅੱਗੇ ਆਖਿਆ ਕਿ ਕੈਨੇਡਾ ਦਾ ਚਾਈਲਡ ਬੈਨੇਫਿਟ ਹਜ਼ਾਰਾਂ



ਬੱਚਿਆਂ ਨੂੰ ਗਰੀਬੀ ਦੇ ਮੂੰਹ ਵਿੱਚੋਂ ਬਾਹਰ ਲਿਆ ਰਿਹਾ ਹੈ। ਪਰਿਵਾਰਾਂ ਨੂੰ ਹਾਰਪਰ ਦੀ ਯੋਜਨਾ ਨਾਲੋਂ ਵੱਧ ਔਸਤਨ 4600 ਡਾਲਰ ਮਿਲ ਰਹੇ ਹਨ। ਪ੍ਰੋਵਿੰਸ ਦੀਆਂ ਲੋਕਲ ਗਵਰਮੈਂਟਸ ਨੂੰ ਆਖਿਰਕਾਰ ਉਨ੍ਹਾਂ ਦਾ ਉਹ ਭਾਈਵਾਲ ਮਿਲ ਗਿਆ ਜਿਹੜਾ ਉਨ੍ਹਾਂ ਨੂੰ ਚਾਹੀਦਾ ਸੀ। ਮਿਉਂਸਪੈਲਿਟੀ ਆਫ ਸੇਂਟ ਚਾਰਲਸ ਲੰਮੇਂ ਸਮੇਂ ਤੋਂ ਅੜੇ ਆਪਣੇ ਸੜਕਾਂ, ਸੀਵਰ ਤੇ ਪੁਲਾਂ ਆਦਿ ਨੂੰ ਮੇਨਟੇਨ ਕਰਨ ਦਾ ਪਲੈਨ ਤਿਆਰ ਕਰ ਰਹੀ ਹੈ। ਬਰੈਂਪਟਨ ਪਬਲਿਕ ਟਰਾਂਸਪੋਰਟ ਵਜੋਂ ਬੱਸਾਂ ਦੇ ਫਲੀਟ ਨੂੰ ਨੌਂ ਬਰ ਨੌਂ ਕਰਨ ਵਿੱਚ ਲੱਗਿਆ ਹੋਇਆ ਹੈ। ਇਹ ਸਾਰਾ ਕੁੱਝ ਸਾਡੀ ਸਰਕਾਰ ਵੱਲੋਂ ਦਿੱਤੇ ਜਾਣ ਵਾਲੇ ਬਿਲੀਅਨ ਡਾਲਰ ਦੇ ਫੰਡਾਂ ਵਜੋਂ ਹੋ ਰਿਹਾ ਹੈ। ਇਹ ਸਰਮਾਇਆ ਲਾਉਣ ਤੋਂ ਕੰਜ਼ਰਵੇਟਿਵਾਂ ਨੇ ਇਨਕਾਰ ਕਰ ਦਿੱਤਾ ਸੀ।
ਓਨਟਾਰੀਓ ਵਿੱਚ ਰੋਜ਼ਗਾਰ ਦੇ ਸੈਂਕੜੇ ਨਵੇਂ ਮੌਕੇ ਬਣ ਗਏ ਹਨ। ਇਮੀਗ੍ਰੇਸ਼ਨ ਵੀ ਸਾਡੀ ਲੇਬਰ ਫੋਰਸ ਦੀ ਤਾਕਤ ਬਣ ਚੁੱਕੀ ਹੈ। ਸੈਂਕੜੇ ਦੀ ਗਿਣਤੀ ਵਿੱਚ ਕਿਫਾਇਤੀ ਘਰ ਤਿਆਰ ਕੀਤੇ ਜਾ ਰਹੇ ਹਨ। ਸਹੋਤਾ ਨੇ ਆਖਿਆ ਕਿ ਉਹ ਫੈਡਰਲ ਲਿਬਰਲ ਓਨਟਾਰੀਓ ਕਾਕਸ ਦੀ ਚੇਅਰ ਵਜੋਂ ਦੋ ਸਾਲ ਤੋਂ ਸੇਵਾ ਨਿਭਾਅ ਰਹੀ ਸੀ। ਉਨ੍ਹਾਂ ਆਖਿਆ ਕਿ ਇਸ ਅਹੁਦੇ ਲਈ ਚੁਣੇ ਜਾਣਾ ਉਨ੍ਹਾਂ ਲਈ ਬੜੇ ਮਾਣ ਵਾਲੀ ਗੱਲ ਸੀ। ਹੁਣ ਜਿਵੇਂ ਅਸੀਂ ਸਾਲ ਦੇ ਆਖਰੀ ਸੈਸ਼ਨ ਨੂੰ ਖਤਮ ਕਰਨ ਜਾ ਰਹੇ ਹਾਂ ਅਜਿਹੇ ਵਿੱਚ ਕਿਸੇ ਹੋਰ ਐਮਪੀ ਵੱਲੋਂ ਇਹ ਭੂਮਿਕਾ ਨਿਭਾਏ ਜਾਣ ਦਾ ਸਮਾਂ ਆ ਗਿਆ ਹੈ। ਆਪਣੇ ਸਾਥੀ ਐਮਪੀਜ਼ ਵੱਲੋਂ ਦਿੱਤੇ ਗਏ ਸਮਰਥਨ ਤੇ ਉਨ੍ਹਾਂ ਵਿੱਚ ਪ੍ਰਗਟਾਏ ਭਰੋਸੇ ਲਈ ਉਨ੍ਹਾਂ ਸਾਰਿਆਂ ਦਾ ਧੰਨਵਾਦ ਕੀਤਾ। ਇਸ ਦੇ ਨਾਲ ਹੀ ਆਪਣੇ ਜਾਂਨਸ਼ੀਨ ਮਾਰਕ ਗੈਰੇਸਟਨ ਨੂੰ ਵੀ ਸ਼ੁੱਭ ਕਾਮਨਾਵਾਂ ਦਿੱਤੀਆਂ।

## ਡਰੱਗ ਅਵੇਅਰਨੈਸ ਉਪਰ ਚਰਚਾ ਕੀਤੀ



ਬੀਤੇ ਐਤਵਾਰ 16 ਸਤੰਬਰ 2018 ਨੂੰ ਪੈਰਟੀ ਸੀਨੀਅਰ ਕਲੱਬ ਅਤੇ ਬਾਬਾ ਫਤਿਹ ਸਿੰਘ ਕਬੱਡੀ ਕਲੱਬ ਦੇ ਸਹਿਯੋਗ ਨਾਲ ਇਕ ਸਮਾਗਮ ਹੋਇਆ ਜਿਸ ਵਿਚ ਮੁਖ ਬੁਲਾਰੇ ਹਰਨੇਕ ਸਿੰਘ ਰਾਏ ਸਨ। ਰਾਏ ਸਾਹਿਬ ਸਰੀਰਕ ਤੰਦਰੁਸਤੀ ਲਈ ਗੇਮਾਂ ਦੇ ਸੰਚਾਰ ਲਈ ਜਾਣੇ ਜਾਂਦੇ ਪ੍ਰਭਾਵਸ਼ਾਲੀ ਵਕਤਾ ਹਨ ਅਤੇ ਇਸੇ ਕਿੱਤੇ ਨਾਲ ਜੁੜੇ ਹੋਏ ਹਨ। ਚਲਦੀ ਬਾਤਚੀਤ ਵਿਚ ਉਨਹਾ ਨੇ ਦਸਿਆ ਕਿ ਉਹ ਆਪਣੇ ਵਾਰਡ ਵਿਚੋਂ ਰਿਜਨਲ ਕਉਸਲਰ ਲਈ ਉਮੀਦਵਾਰ ਵੀ ਹਨ।
ਅਜਕਲ ਜਿਥੇ ਵੀ ਕੋਈ ਸਭਾ ਹੋ ਰਹੀ ਹੋਵੇ, ਉਥੇ ਚੋਣ ਉਮੀਦਵਾਰ ਜਰੂਰ ਪਹੁੰਚ ਜਾਂਦੇ ਹਨ। ਫਲਸਰੂਪ ਸਭਾ ਦਾ ਸਾਰਾ ਮੁਦਾ ਹੀ ਅਲੈਕਸ਼ਨ ਕੰਪੇਨਾਂ ਬਾਰੇ ਚਾਲੂ ਹੋ ਗਿਆ ਜਿਸ ਵਿਚ ਖੁਦ ਹਰਨੇਕ ਸਿੰਘ ਹੋਰੀ ਵੀ ਸ਼ਾਮਲ ਹੋ ਗਏ। ਮੇਅਰ ਚੋਣ ਖਾਤਰ ਉਮੀਦਵਾਰ ਜੌਨ ਸਪਰੋਵਰੀ ਅਤੇ ਪੈਟਰਿਕ ਬਰਾਉਨ ਨੇ ਵੀ ਆਪਣੀ ਚਰਚਾ ਕੀਤੀ। ਚੋਣ ਮੁਦਿਆ ਉਪਰ ਹੀ ਮਾਜੂਦ ਬੰਦਿਆ ਨੇ ਗਲਬਾਤ ਜਾਰੀ ਰੱਖੀ ਜਿਸ ਵਿਚ ਪ੍ਰਧਾਨ ਇਕਬਾਲ ਸਿੰਘ ਵਿਰਕ, ਘੁਮਨ ਸਾਹਿਬ, ਹਰਬੰਸ ਸਿੰਘ, ਕੁਲਦੀਪ ਸਿੰਘ ਗੁਲੀ, ਗੁਰਮੀਤ ਕਾਟੋ ਅਤੇ ਨਿਕ ਗਹੂਨੀਆ ਨੇ ਹਿੱਸਾ ਲਿਆ।


KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਉ ਨਾਮ






ਕਰਤਾਰ ਫਰਨੀਚਰ
- ਅਸੀਂ ਸੌਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6

# ਅਜੀਬੋ ਗਰੀਬ ਬਿਮਾਰੀ ਹੈ ਬੂਲੀਮੀਆਂ ਨਰਵੋਸਾ : ਡਾ ਅਮਰੀਕ ਸਿੰਘ ਕੰਡਾ

## ਬਲੂੀਮੀਆਂ ਨਰਵੋਸਾ ਦੇ ਲੱਛਣ ਤੇ ਇਲੈਕਟਰੋਹੋਮਿਉਪੈਥੀ ਤੇ ਆਯੂਵੈਦਿਕ 'ਚ ਇਲਾਜ਼




ਬੂਲੀਮੀਆਂ ਨਰਵੋਸਾ ਕੀ ਹੈ ?

ਬੂਲੀਮੀਆਂ ਨਰਵੋਸਾ ਇਕ ਤਰ੍ਹਾਂ ਦੀ ਈਟੰਗ ਡਿਸਆਰਡਰ ਹੈ । ਮਤਲਬ ਜਿਸ ਚ ਕੋਈ ਵਿਅਕਤੀ ਪਹਿਲਾਂ ਬਹੁਤ ਖਾ ਲੈਂਦਾ ਹੈ ਤੇ ਬਾਅਦ ਚ ਸੋਚਦਾ ਹੈ ਕਿ ਭਾਰ ਨਾ ਵੱਧ ਜਾਵੇ ਉਲਟੀ ਕਰ ਦਿੰਦਾ ਹੈ । ਨਾਲ ਨਾਲ ਭਾਰ ਵੱਧਣ ਤੋਂ ਬੱਚਣ ਲਈ ਇਹ ਮਰੀਜ਼ ਕਈ ਤਰੀਕੇ ਅਪਣਾਉਂਦਾ ਹੈ । ਉਦਾਹਰਨ ਵਜੋਂ ਕੋਈ ਵਿਅਕਤੀ ਬੂਲੀਮੀਆਂ ਨਰਵੋਸਾ ਤੋਂ ਪੀੜਤ ਹੈ ਤਾਂ ਉਹ ਖਾਣਾ ਖਾਣ ਤੋਂ ਬਾਅਦ ਜਬਰਦਸਤੀ ਉਲਟੀ ਕਰਦਾ ਹੈ ਜਾ ਬਹੁਤ ਜਿਓਦਾ ਕਸਰਤ ਕਰਦਾ ਹੈ । ਇਸ ਬਿਮਾਰੀ ਨਾਲ ਜੂਝ ਰਹੇ ਕਈ ਲੋਕ ਆਪਣੇ ਜਿਆਦਾ ਖਾਣ ਦੀ ਮਜਬੂਰੀ ਨੂੰ ਸ਼ਾਂਤ ਕਰਨ ਲਈ ਫਰਿਜ਼ ਚ ਰੱਖਿਆ ਸਮਾਨ ਜਾਂ ਬਜ਼ਾਰੋਂ ਤਲੀਆਂ ਫਰੋਜਨ ਚੀਜ਼ਾਂ ਜਿੰਾ ਚ ਜਿਆਦਾ ਕੈਲਰੀ ਵਾਲਾ ਖਾਣਾ ਲੁਕ ਛਿਪ ਕੇ ਖਾਂਦੇ ਹਨ । ਬਾਅਦ ਚ ਖੁਦ ਨੂੰ ਮੋਟਾ ਹੋਇਆ ਜਾਂ ਪੇਟ ਫੂਲਿਆ ਹੋਇਓ ਮਹਿਸੂਸ ਕਰਦੇ ਹਨ । ਖੁਦ ਨੂੰ ਦੋਸ਼ੀ ਤੇ ਦੁਖੀ ਮਹਿਸੂਸ ਕਰਦੇ ਹਨ । ਫਿਰ ਸਿ ਤੋਂ ਛੁਟਕਾਰਾ ਪਾਉਣ ਲਈ ਦਵਾਈਆਂ ਦਾ ਸਹਾਰਾ ਲੈਂਦੇ ਹਨ । ਤੇ ਜਬਰਦਸਤੀ ਉਲਟੀਆਂ ਕਰਕੇ ਆਪਣੇ ਆਪ ਨੂੰ ਬਿਮਾਰ ਕਰ ਲੈਂਦੇ ਹਨ । ਇਹ ਬਿਮਾਰੀ ਬੰਦਿਆਂ ਦੀ ਤੁਲਣਾ ਔਰਤਾਂ ਨੂੰ ਜਿਆਦਾ ਹੁੰਦੀ ਹੈ ।ਬੂਲੀਮੀਆਂ ਨਰਵੋਸਾ ਦੀ ਸ਼ੁਰੂਆਤ ਦਸ ਕੁ ਸਾਲ ਦੀ ਉਮਰ ਚ ਹੋ ਜਾਂਦੀ ਹੈ । ਮਰੀਜ਼ ਇਸ ਬਿਮਾਰੀ ਨੂੰ ਵੀਹ ਤੋਂ ਪੱਚੀ ਸਾਲ ਤੱਕ ਕਿਸੇ ਦੀ ਮੱਦਦ ਨਹੀਂ ਲੈਂਦੇ ਕਿਉਂਕਿ ਉਹ ਇਸ ਨੂੰ ਛਪਾਉਂਣ ਚ ਨਿਪੁੰਨ ਹੁੰਦੇ ਹਨ ।

ਬੂਲੀਮੀਆਂ ਨਰਵੋਸਾ ਦੇ ਲੱਛਣ

ਬੂਲੀਮੀਆਂ ਨਰਵੋਸਾ ਤੋਂ ਪੀੜਤ ਮਰੀਜ਼ ਹਰ ਵਾਰ ਖਾਣਾ ਖਾਣ ਤੋਂ ਬਾਅਦ ਵਾਸ਼ਰੂਮ ਜਾਂਦਾ ਹੈ ਤਾਂ ਕਿ ਜਬਰਦਸਤੀ ਉਲਟੀ ਕਰ ਸਕੇ ।

ਵਾਰ ਵਾਰ ਉਲਟੀਆਂ ਕਰਨ ਨਾਲ ਡੀਹਾਈਡਰੇਸ਼ਨ ਦੀ ਸਮਸਿਆ ਦਾ ਸਾਹਮਨਾ ਕਰਨਾ ਪੈਂਦਾ ਹੈ ।

ਇਹੋ ਜਿਹੇ ਲੋਕ ਬਹੁਤ ਕਸਰਤ ਕਰਦੇ ਹਨ ।

ਉਲਟੀ ਤੋਂ ਬਾਅਦ ਇਹਨਾਂ ਦੇ ਐਸਿਡ ਬਨਣ ਲੱਗ ਜਾਂਦਾ ਹੈ ਦੰਦ ਟੁੱਟਣੇ ਚਾਲੂ ਹੋ ਜਾਂਦੇ ਹਨ ।

ਇਹਨਾਂ ਨੂੰ ਥਕਾਵਟ ਬਹੁਤ ਹੋਣ ਲੱਗਦੀ ਹੈ ।

ਆਪਣੇ ਆਪ ਨੂੰ ਅਪਰਾਧੀ ਮਸ੍ਰਿਸ ਕਰਦੇ ਹਨ ।

ਪੇਟ ਸਖਤ ਹੋ ਜਾਂਦਾ ਹੈ ਖਾਣਾ ਖਾਣ ਚ ਪਰੇਸ਼ਾਨੀ ਹੁੰਦੀ ਹੈ ।

ਹੱਡੀਆਂ ਕਮਜੋਰ ਹੋ ਜਾਂਦੀਆਂ ਹਨ ਮਾੜੀ ਜਿਹੀ ਸੱਟ ਨਾਲ ਹੱਡੀ ਟੁੱਟ ਜਾਂਦੀ ਹੈ ।

ਚਿਹਰੇ ਤੇ ਸੋਜ਼,ਦਿਲ ਦੀ ਧੜਕਣ ਵੱਧਣਾ,ਗੁਰਦਿਆਂ ਚ ਖਰਾਬੀ,ਪੇਟ ਚ ਲਗਾਤਾਰ ਦਰਦ ਦਾ ਰਹਿਣਾ ।

ਬੂਲੀਮੀਆਂ ਨਰਵੋਸਾ ਦਾ ਆਯੂਵੈਦਿਕ ਇਲਾਜ਼

ਸੋ ਗਰਾਮ ਛੋਟੀ ਹਰਡ,ਸੋ ਗਰਾਮ ਗੁਲਾਬ ਦੇ ਫੁੱਲ ਪੱਤੀ,ਸੋ ਗਰਾਮ ਸੌਂਫ,ਪੰਜਾਹ ਗਰਾਮ ਮਿੱਠਾ ਸੋਡਾ,ਪੰਜਾਹ ਗਰਾਮ ਜੀਰਾ,ਪੰਜਾਹ ਗਰਾਮ ਅਜਮੈਨ,ਇਹ ਸਾਰੀਆਂ ਚੀਜ਼ਾਂ ਨੂੰ ਪੀਸ ਕੇ ਬਾਅਦ ਚ ਪੰਜਾਹ ਗਰਾਮ ਮੋਤੀ ਪਿਸ਼ਟੀ,ਚੰਦਨਾ ਆਦਿ ਪੰਜਾਹ ਗਰਾਮ ਮਿਲਾ ਲਉ ਤੇ ਇਕ ਚਮਚਾ ਸਵੇਰੇ ਦੁਪਿਹਰੇ ਤੇ ਰਾਤ ਨੂੰ ਪਾਣੀ ਨਾਲ ਲਉ ।

ਬੂਲੀਮੀਆਂ ਨਰਵੋਸਾ ਦਾ ਇਲੈਕਟਰੋਹੋਮਿਉਪੈਥੀ ਚ ਇਲਾਜ਼

ਇਲੈਕਟਰੋਹੋਮਿਉਪੈਥੀ ਦੁਨੀਆ ਦ ਇਹੋ ਜਿਹੀ ਪੈਥੀ ਹੈ ਜਿਸ ਚ ਹਰ ਬਿਮਾਰੀ ਦਾ ਇਲਾਜ਼ ਹੈ । ਇਸਦੀ ਖਾਸੀਅਤ ਇਹ ਹੈ ਕਿ ਇਸ ਚ ਨਾ ਕੋਈ ਕੈਮੀਕਲ ਹੈ ਨਾ ਕੋਈ ਕਾਰਬਨ ਹੈ ਨਾ ਕੋਈ ਅਲਕੋਹਲ ਹੈ । ਇਸਦਾ ਇਲਾਜ਼ ਦੀ ਦਵਾਈ ਨੋਟ ਕਰੋ ਐਸ ਗਿਆਰਾਂ ਸੀ ਪੰਦਰਾਂ ਵਾਈਟ ਤੇ ਐਸ ਟੈਨ ਵਰ ਵੰਨ ਯਿਲੋ ਤੇ ਸਲਾਸ ਡੀ ਫਾਈਵ ਵਿਚ ਲੈਣੀ ਹੈ ।

ਡਾ ਅਮਰੀਕ ਸਿੰਘ ਕੰਡਾ
ਕੰਡਾ ਦਵਾਖਾਨਾ ਮੋਗਾ
ਬੀ.ਈ.ਐਮ.ਐਸ (ਐਮ ਡੀ)
ਆਯੂਵੈਦਿਕ ਤੇ ਯੂਨਾਨੀ ਵੈਦ ਰਜਿ
1764 ਗੁਰੂ ਰਾਮ ਦਾਸ ਨਗਰ ਨੇੜੇ
ਨੈਸਲੇ ਮੋਗਾ-142001 ਪੰਜਾਬ
ਭਾਰਤ

# ਭਾਰਤ ਵਿੱਚ ਹਰ ਦੋ ਮਿੰਟ 'ਚ ਤਿੰਨ ਬੱਚਿਆਂ ਦੀ ਮੌਤ ਦੀ ਰਿਪੋਰਟ

ਨਵੀਂ ਦਿੱਲੀ, 19 ਸਤੰਬਰ (ਪੋਸਟ ਬਿਊਰੋ)- ਨਿੱਕੇ ਬਾਲਾਂ ਦੀ ਮੌਤ ਦਾ ਹਿਸਾਬ ਲਾਉਣ ਵਾਲੇ ਯੂ ਐਨ ਦੇ ਅੰਤਰ ਏਜੰਸੀ ਗਰੁੱਪ (ਯੂ ਐਨ ਆਈ ਜੀ ਐਮ ਈ) ਵੱਲੋਂ ਜਾਰੀ ਰਿਪੋਰਟ ਮੁਤਾਬਕ ਭਾਰਤ ਵਿੱਚ ਔਸਤ ਹਰ ਦੋ ਮਿੰਟ ਵਿੱਚ ਤਿੰਨ ਬੱਚੇ ਪਾਣੀ, ਸੈਨੀਟੇਸ਼ਨ, ਵਾਜਬ ਪੌਸ਼ਟਿਕ ਖੁਰਾਕ ਜਾਂ ਬੁਨਿਆਦੀ ਸੇਵਾਵਾਂ ਦੀ ਘਾਟ ਕਾਰਨ ਮਰ ਜਾਂਦੇ ਹਨ। ਇਸ ਰਿਪੋਰਟ ਮੁਤਾਬਕ ਸਾਲ 2017 ਵਿੱਚ ਨਿੱਕੇ ਬਾਲਾਂ ਦੀ ਮੌਤ ਦਾ ਅੰਕੜਾ 8.02 ਲੱਖ ਦੇ ਕਰੀਬ ਸੀ, ਜੋ ਪਿਛਲੇ ਪੰਜ ਸਾਲਾਂ ਵਿੱਚ ਸਭ ਤੋਂ ਘੱਟ ਸੀ, ਪਰ ਸੰਸਾਰ ਮੁਕਾਬਲੇ ਇਹ ਅਜੇ ਵੀ ਸਭ ਤੋਂ ਵੱਧ ਹੈ।

ਵਿਸ਼ਵ ਸਿਹਤ ਸੰਗਠਨ ਵਿੱਚ ਸਿਹਤ ਮਹਿਕਮੇ ਦੇ ਮੁਖੀ ਡਾ. ਗਗਨ ਗੁਪਤਾ ਦਾ ਕਹਿਣਾ ਹੈ ਕਿ ਭਾਰਤ ਨੇ ਨਿੱਕੇ ਬੱਚਿਆਂ ਦੀ ਮੌਤ ਦਰ ਘਟਾਉਣ ਦੇ ਲਈ ਸਰਕਾਰ ਵੱਲੋਂ ਸ਼ੁਰੂ ਕੀਤੀਆਂ ਸਕੀਮਾਂ ਨਾਲ ਇਸ ਪਾਸੇ ਚੰਗਾ ਕੰਮ ਕੀਤਾ ਹੈ। ਉਨ੍ਹਾਂ ਕਿਹਾ ਕਿ ਭਾਰਤ ਵਿੱਚ ਹਰ ਸਾਲ ਢਾਈ ਕਰੋੜ ਬੱਚੇ ਜਨਮ ਲੈਂਦੇ ਹਨ ਤੇ ਨਿੱਕੇ ਬੱਚਿਆਂ ਦੀ ਮੌਤ ਦਰ ਪਹਿਲਾਂ ਦੇ ਮੁਕਾਬਲੇ ਘਟੀ ਹੈ। ਗੁਪਤਾ ਨੇ ਕਿਹਾ ਕਿ ਨਿੱਕੇ ਬਾਲਾਂ ਦੀ ਮੌਤ ਦੀ ਮੁੱਖ ਵਜ੍ਹਾ ਗੰਦਾ ਪਾਣੀ, ਸੈਨੀਟੇਸ਼ਨ, ਵਾਜਬ ਪੌਸ਼ਟਿਕ ਖੁਰਾਕ ਤੇ ਬੁਨਿਆਦੀ ਸਿਹਤ ਸੇਵਾਵਾਂ ਦੀ ਘਾਟ ਹੈ। ਯੂ ਐਨ ਆਈ ਜੀ ਐਮ ਈ ਦੀ ਰਿਪੋਰਟ ਮੁਤਾਬਕ ਸਾਲ 2017 ਵਿੱਚ 6.05 ਲੱਖ ਨਵਜੰਮੇ ਬਾਲਾਂ ਦੀ ਮੌਤ ਹੋ ਗਈ, ਪੰਜ ਤੋਂ 14 ਸਾਲ ਦੇ ਮ੍ਰਿਤਕ ਬੱਚਿਆਂ ਦੀ ਗਿਣਤੀ 1.52 ਲੱਖ ਸੀ।

# ਸੁਪਰੀਮ ਕੋਰਟ ਨੇ ਸੜਕੀ ਖੱਡਿਆਂ ਦੇ ਮੁੱਦੇ ਤੋਂ ਰਾਜ ਸਰਕਾਰਾਂ ਨੂੰ ਝਾੜ ਪਾਈ



ਨਵੀਂ ਦਿੱਲੀ, 19 ਸਤੰਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਸੜਕੀ ਖੱਡਿਆਂ ਕਾਰਨ ਹਾਦਸਿਆਂ ਵਿੱਚ ਹੁੰਦੀਆਂ ਮੌਤਾਂ 'ਤੇ ਚਿੰਤਾ ਪ੍ਰਗਟ ਕਰਦੇ ਹੋਏ ਇਸ ਨੂੰ ਗੰਭੀਰਤਾ ਨਾਲ ਨਾ ਲੈਣ ਵਾਲੇ ਰਾਜਾਂ ਨੂੰ ਝਾੜ ਪਾਈ ਹੈ।

ਇਸ ਸੰਬੰਧ ਵਿੱਚ ਸੁਪਰੀਮ ਕੋਰਟ ਨੇ ਕਿਹਾ ਕਿ ਅੰਕੜਿਆਂ ਮੁਤਾਬਕ ਪਿਛਲੇ ਸਾਲ ਵਿੱਚ 3597 ਲੋਕਾਂ ਦੀ ਮੌਤ ਸੜਕੀ ਖੱਡਿਆਂ 'ਚ ਡਿੱਗਣ ਕਾਰਨ ਹੋਈ, ਪਰ ਇਹ ਮੰਦਭਾਗੀ ਗੱਲ ਹੈ ਕਿ ਸੂਬਾ ਸਰਕਾਰਾਂ ਇਸ ਨੂੰ ਗੰਭੀਰਤਾ ਨਾਲ ਲੈਣ ਦੀ ਥਾਂ ਅੰਕੜਿਆਂ 'ਤੇ ਸਵਾਲ ਉਠਾ ਰਹੀਆਂ ਹਨ। ਇਹ ਟਿੱਪਣੀਆਂ ਜਸਟਿਸ ਮਦਨ ਬੀ ਲੋਕੁਰ ਦੀ ਅਗਵਾਈ ਵਾਲੇ ਬੈਂਚ ਨੇ ਸੜਕ ਹਾਦਸਿਆਂ ਦੇ ਕੇਸ ਦੀ ਸੁਣਵਾਈ ਦੌਰਾਨ ਕੀਤੀਆਂ। ਅਦਾਲਤ ਨੇ ਸੜਕੀ ਹਾਦਸਿਆਂ ਨੂੰ ਰੋਕਣ ਬਾਰੇ ਸੁਪਰੀਮ ਕੋਰਟ ਵੱਲੋਂ ਬਣਾਈ ਕਮੇਟੀ ਨੂੰ ਇਸ ਬਾਰੇ ਰਿਪੋਰਟ ਦਾਖਲ ਕਰਨ ਦਾ ਸਮਾਂ ਦਿੰਦੇ ਹੋਏ ਮਾਮਲੇ ਦੀ ਸੁਣਵਾਈ ਨਵੰਬਰ ਦੇ ਪਹਿਲੇ ਹਫਤੇ ਤੱਕ ਲਈ ਟਾਲ ਦਿੱਤੀ ਹੈ। ਨਾਲ ਹੀ ਬੈਂਚ ਨੇ ਕਿਹਾ ਕਿ ਉਸ ਨੂੰ ਆਸ ਹੈ ਕਿ ਸੂਬਾ ਸਰਕਾਰਾਂ ਇਸ ਮਸਲੇ ਨੂੰ ਗੰਭੀਰਤਾ ਨਾਲ ਲੈਣਗੀਆਂ ਅਤੇ ਸੜਕੀ ਖੱਡਿਆਂ ਕਾਰਨ ਹੋਣ ਵਾਲੇ ਹਾਦਸਿਆਂ 'ਚ ਮੌਤਾਂ ਲਈ ਮੁਆਵਜ਼ਾ ਤੈਅ ਕਰਨ 'ਤੇ ਵਿਚਾਰ ਕਰਨਗੀਆਂ। ਯਾਦ ਰਹੇ ਕਿ ਸੁਪਰੀਮ ਕੋਰਟ ਦੇ ਸੇਵਾਮੁਕਤ ਜੱਜ ਕੇ ਐਸ ਰਾਧਾਕ੍ਰਿਸ਼ਨਨ ਦੀ ਅਗਵਾਈ 'ਚ ਸੁਪਰੀਮ ਕੋਰਟ ਨੇ ਇਕ ਕਮੇਟੀ ਗਠਿਤ ਕੀਤੀ ਸੀ, ਜਿਹੜੀ ਸੜਕ ਹਾਦਸੇ ਰੋਕਣ 'ਤੇ ਵਿਚਾਰ ਕਰਦੀ ਹੈ ਅਤੇ ਸਮੇਂ-ਸਮੇਂ 'ਤੇ ਰਿਪੋਰਟ ਦਾਖਲ ਕਰਕੇ ਇਸ ਨੂੰ ਰੋਕਣ ਦੇ ਉਪਾਅ ਦੱਸਦੀ ਹੈ।

# ਅਗਸਤਾ ਵੈਸਟਲੈਂਡ ਹੈਲੀਕਾਪਟਰ ਕੇਸ ਵਿੱਚ ਭਾਰਤ ਨੂੰ ਸਫਲਤਾ

## * ਦੁਬਈ ਕੋਰਟ ਨੇ ਦਲਾਲ ਦੀ ਹਵਾਲਗੀ ਦਾ ਹੁਕਮ ਦਿੱਤਾ



ਨਵੀਂ ਦਿੱਲੀ, 19 ਸਤੰਬਰ (ਪੋਸਟ ਬਿਊਰੋ)- 3600 ਕਰੋੜ ਰੁਪਏ ਦੇ ਅਗਸਤਾ ਵੈਸਟਲੈਂਡ ਹੈਲੀਕਾਪਟਰ ਕੇਸ ਵਿੱਚ ਭਾਰਤ ਸਰਕਾਰ ਨੂੰ ਵੱਡੀ ਸਫਲਤਾ ਮਿਲੀ ਹੈ। ਦੁਬਈ ਦੀ ਅਦਾਲਤ ਨੇ ਇਸ ਸੌਦੇ ਵਿੱਚ ਬ੍ਰਿਟਿਸ਼ ਦਲਾਲ ਕ੍ਰਿਸ਼ਚੀਅਨ ਮਿਸ਼ੇਲ ਦੀ ਹਵਾਲਗੀ ਦਾ ਹੁਕਮ ਦੇ ਦਿੱਤਾ ਹੈ। ਅਦਾਲਤ ਦੇ ਇਸ ਫੈਸਲੇ ਨਾਲ ਮਿਸ਼ੈਲ ਦੇ ਭਾਰਤ ਹਵਾਲਗੀ ਦਾ ਰਾਹ ਸਾਫ ਹੋ ਗਿਆ ਹੈ, ਪਰ ਇਸ ਨਾਲ ਕਾਂਗਰਸ ਦੀਆਂ ਮੁਸ਼ਕਲਾਂ ਕਾਫੀ ਵਧ ਜਾਣਗੀਆਂ।

ਅਧਿਕਾਰਕ ਸੂਤਰਾਂ ਨੇ ਕੱਲ੍ਹ ਰਾਤ ਦੱਸਿਆ ਕਿ ਕੁਝ ਸਮਾਂ ਪਹਿਲਾਂ ਭਾਰਤ ਨੇ ਇਸ ਖਾੜੀ ਦੇਸ਼ ਨੂੰ ਕ੍ਰਿਸ਼ਚੀਅਨ ਮਿਸ਼ੇਲ ਜੇਮਸ (54) ਦੀ ਹਵਾਲਗੀ ਦੀ ਰਸਮੀ ਅਪੀਲ ਕੀਤੀ ਸੀ। ਭਾਰਤ ਸਰਕਾਰ ਦੀ ਇਹ ਅਪੀਲ ਸੀ ਬੀ ਆਈ ਤੇ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਵੱਲੋਂ ਕੀਤੀ ਗਈ ਅਪਰਾਧਕ ਜਾਂਚ 'ਤੇ ਆਧਾਰਤ ਸੀ। ਅਧਿਕਾਰਕ ਸੂਤਰਾਂ ਦਾ ਕਹਿਣਾ ਹੈ ਕਿ ਦੁਬਈ ਦੀ ਅਦਾਲਤ ਦਾ ਸਾਰਾ ਹੁਕਮ ਬਾਅਦ ਵਿੱਚ ਪਤਾ ਲੱਗ ਸਕੇਗਾ, ਕਿਉਂਕਿ ਪੂਰੀ ਫੈਸਲਾ ਅਰਬੀ ਭਾਸ਼ਾ ਵਿੱਚ ਦਿੱਤਾ ਗਿਆ ਸੀ। ਮਿਸ਼ੇਲ ਦੀ ਹਵਾਲਗੀ ਦੇ ਹੁਕਮ ਨੂੰ ਸੀ ਬੀ ਆਈ ਅਤੇ ਈ ਡੀ ਦੀ ਸਫਲਤਾ ਮੰਨਿਆ ਜਾ ਰਿਹਾ ਹੈ। ਈ ਡੀ ਨੇ ਮਿਸ਼ੇਲ ਦੇ ਖਿਲਾਫ ਜੂਨ 2016 ਵਿੱਚ ਦੋਸ਼ ਪੱਤਰ ਜਾਰੀ ਕਰ ਕੇ ਕਿਹਾ ਹੈ ਕਿ ਉਸ ਨੂੰ ਅਗਸਤਾ ਵੈਸਟਲੈਂਡ ਵਿੱਚ 225 ਕਰੋੜ ਰੁਪਏ ਦੀ ਦਲਾਲੀ ਲਈ ਸੀ। ਵਰਨਣ ਯੋਗ ਹੈ ਕਿ ਵੀ ਵੀ ਆਈ ਪੀ ਹੈਲੀਕਾਪਟਰ ਅਗਸਤ ਵੈਸਟਲੈਂਡ ਵਿੱਚ 12 ਚਾਪਰ ਖਰੀਦੇ ਜਾਣੇ ਸਨ। ਇਸ ਦੇ ਲਈ ਮਿਸ਼ੇਲ ਸਮੇਤ ਤਿੰਨ ਦਲਾਲ (ਗਈਡੋ ਹਸ਼ਕੇ ਅਤੇ ਕਾਰਲੋ ਗੇਰੋਸਾ) ਦੇ ਰਾਹੀਂ ਦੋ ਭਾਰਤੀਆਂ ਨੂੰ ਰਿਸ਼ਵਤ ਦਿੱਤੀ ਗਈ ਸੀ। ਮਿਸ਼ੇਲ ਨੇ ਦੁਬਈ ਦੀ ਕੰਪਨੀ ਗਲੋਬਲ ਸਰਵਿਸਿਜ਼ ਦੇ ਰਾਹੀਂ ਰਕਮ ਹਾਸਲ ਕੀਤੀ ਸੀ।

# ਲੈਂਡਿੰਗ ਸਿਸਟਮ ਫੇਲ ਤੇ ਫਿਊਲ ਖਤਮ ਹੋਣ ਪਿੱਛੋਂ ਪਾਇਲਟਾਂ ਨੇ 370 ਲੋਕਾਂ ਦੀ ਜਾਨ ਬਚਾਈ



ਨਵੀਂ ਦਿੱਲੀ, 19 ਸਤੰਬਰ (ਪੋਸਟ ਬਿਊਰੋ)- ਜਹਾਜ਼ ਵਿੱਚ ਫਿਊਲ ਖਤਮ ਹੋਣ ਅਤੇ ਕਈ ਜੰਤਰਾਂ ਦੇ ਕੰਮ ਬੰਦ ਕਰਨ ਦੇ ਬਾਵਜੂਦ ਏਅਰ ਇੰਡੀਆ ਦੀ ਦਿੱਲੀ-ਨਿਊ ਯਾਰਕ ਫਲਾਈਟ ਦੇ ਦੋਵਾਂ ਪਾਇਲਟਾਂ ਅਤੇ ਨਿਊ ਯਾਰਕ ਏ ਟੀ ਸੀ ਨੇ ਹਿੰਮਤ ਅਤੇ ਸੂਝਬੂਝ ਨਾਲ ਕੰਮ ਕੀਤਾ ਅਤੇ ਆਖਰ ਜਹਾਜ਼ ਨੂੰ ਸੁਰੱਖਿਅਤ ਉਤਾਰ ਲਿਆ। ਅਮਰੀਕਾ ਵਿੱਚ 11 ਸਤੰਬਰ ਨੂੰ ਨਿਊ ਯਾਰਕ ਦੇ ਆਸਮਾਨ ਵਿੱਚ ਇਹ ਘਟਨਾ ਵਾਪਰੀ।

ਏਅਰ ਇੰਡੀਆ ਦੇ ਬੁਲਾਰੇ ਨੇ ਦੱਸਿਆ ਕਿ ਜਹਾਜ਼ ਦੀ ਜਾਂਚ ਕੀਤੀ ਜਾ ਰਹੀ ਹੈ। ਇਸ ਤਕਨੀਕੀ ਮੁੱਦੇ ਨੂੰ ਏਅਰ ਇੰਡੀਆ ਦੇ ਪਾਇਲਟਾਂ ਵੱਲੋਂ ਬਿਹਤਰੀਨ ਤਰੀਕੇ ਨਾਲ ਸੁਲਝਾਉਣ ਲਈ ਉਨ੍ਹਾਂ ਦੀ ਤਾਰੀਫ ਕੀਤੀ ਗਈ ਹੈ। ਪਾਇਲਟਾਂ ਦਾ ਯਾਤਰੀਆਂ ਦੀ ਸੁਰੱਖਿਆ ਨੂੰ ਦੇਖਦੇ ਹੋਏ ਜਹਾਜ਼ ਨੂੰ ਈ ਡਬਲਯੂ ਆਰ ਲੈ ਜਾਣਾ ਠੀਕ ਫੈਸਲਾ ਸੀ। ਦੱਸਿਆ ਗਿਆ ਹੈ ਕਿ ਏਅਰ ਇੰਡੀਆ ਦੇ ਸੀਨੀਅਰ ਕਮਾਂਡੈਂਟ ਰੁਸਤਮ ਪਾਲਿਆ ਨੇ 11 ਸਤੰਬਰ ਨੂੰ ਨਿਊ ਯਾਰਕ ਵਾਲੇ ਜਾਨ ਐੱਫ ਕੈਨੇਡੀ (ਜੇ ਐੱਫ ਕੇ) ਏਅਰਪੋਰਟ ਦੇ ਏਅਰ ਟਰੈਫਿਕ ਕੰਟਰੋਲ (ਏ ਟੀ ਸੀ) ਨੂੰ ਦੱਸਿਆ ਕਿ ਅਸੀਂ ਬੁਰੀ ਤਰ੍ਹਾਂ ਫਸੇ ਹੋਏ ਹਾਂ, ਜਹਾਜ਼ ਦਾ ਫਿਊਲ ਖਤਮ ਹੋ ਰਿਹਾ ਹੈ। ਪਾਲਿਆ ਦੇ ਨਾਲ ਕੈਪਟਨ ਸੁਸ਼ਾਂਤ ਸਿੰਘ ਸਨ ਅਤੇ ਜਹਾਜ਼ ਵਿੱਚ 370 ਯਾਤਰੀ ਸਨ। ਲੈਂਡਿੰਗ ਤੋਂ ਠੀਕ ਪਹਿਲਾਂ ਜਹਾਜ਼ ਦੇ ਕਈ ਜੰਤਰਾਂ ਨੇ ਕੰਮ ਕਰਨਾ ਬੰਦ ਕਰ ਦਿੱਤਾ ਸੀ। ਤਕਨੀਕੀ ਖਰਾਬੀ ਦੇ ਕਾਰਨ ਜਹਾਜ਼ ਹਵਾ ਵਿੱਚ ਕਰੀਬ ਡੇਢ ਘੰਟਾ ਘੁੰਮਦਾ ਰਿਹਾ, ਪਰ ਦੋਵਾਂ ਪਾਇਲਟਾਂ ਨੇ ਆਪਣੇ ਹੌਸਲੇ ਅਤੇ ਏ ਟੀ ਸੀ ਦੀ ਮਦਦ ਨਾਲ ਸਥਿਤੀ ਨੂੰ ਸੰਭਾਲਿਆ ਅਤੇ ਅਖੀਰ ਜਹਾਜ਼ ਨੂੰ ਸੁਰੱਖਿਅਤ ਲੈਂਡ ਕਰਵਾ ਲਿਆ ਗਿਆ।

# ਬਲਾਤਕਾਰ ਪੀੜਤ ਕੁੜੀ ਦੀ ਪਛਾਣ ਜ਼ਾਹਰ ਕਰਨ ਉੱਤੇ ਸੁਪਰੀਮ ਕੋਰਟ ਨਾਰਾਜ਼

ਨਵੀਂ ਦਿੱਲੀ, 19 ਸਤੰਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਰੇਵਾੜੀ ਬਲਾਤਕਾਰ ਕੇਸ ਦੀ ਸ਼ਿਕਾਰ ਹੋਈ ਕੁੜੀ ਦੀ ਪਛਾਣ ਜ਼ਾਹਰ ਕਰਨ ਲਈ ਮੀਡੀਆ ਵਾਸਤੇ ਕੱਲ੍ਹ ਡੂੰਘੀ ਨਾਰਾਜ਼ਗੀ ਪ੍ਰਗਟ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਕੇਸ ਵਿੱਚ ਨਿਯਮਾਂ ਨੂੰ ਬੇਧਿਆਨ ਕੀਤਾ ਜਾ ਰਿਹਾ ਹੈ। ਜਸਟਿਸ ਮਦਨ ਬੀ ਲੋਕੁਰ ਅਤੇ ਜਸਟਿਸ ਦੀਪਕ ਗੁਪਤਾ ਦੇ ਬੈਂਚ ਨੇ ਮੁਜ਼ੱਫਰਪੁਰ ਬਾਲਿਕਾ ਕਾਂਡ ਦੀ ਸੁਣਵਾਈ ਦੌਰਾਨ ਕਿਹਾ ਕਿ ਇਥੇ ਕੁੜੀ ਦੀ ਪਛਾਣ ਦੱਸ ਕੇ ਸਭ ਨਿਯਮ ਛਿੱਕੇ 'ਤੇ ਟੰਗ ਦਿੱਤੇ ਗਏ। ਇਸ ਲਈ ਕੌਣ ਜ਼ਿੰਮੇਵਾਰ ਹੈ? ਜਸਟਿਸ ਲੋਕੁਰ ਨੇ ਕਿਹਾ ਕਿ ਕੁੜੀ ਦੀ ਪੜ੍ਹਾਈ ਨਾਲ ਸੰਬੰਧਤ ਗੱਲਾਂ ਦੱਸ ਦਿੱਤੀਆਂ ਗਈਆਂ। ਇਸ ਤੋਂ ਉਸ ਦੀ ਪਛਾਣ ਕਰਨੀ ਮੁਸ਼ਕਲ ਨਹੀਂ। ਮੀਡੀਆ ਨੂੰ ਇਸ ਤੋਂ ਰੋਕਣ ਦੇ ਕੋਈ ਕਦਮ ਨਹੀਂ ਚੁੱਕੇ ਗਏ। ਅਟਾਰਨੀ ਜਨਰਲ ਕੇ ਕੇ ਵੇਣੂਗੋਪਾਲ ਨੇ ਕਿਹਾ ਕਿ ਸੂਬਾ ਸਰਕਾਰ ਅਤੇ ਟੀ ਵੀ ਚੈਨਲਾਂ ਨੂੰ ਨੋਟਿਸ ਜਾਰੀ ਕਰ ਕੇ ਪੁੱਛਿਆ ਜਾਣਾ ਚਾਹੀਦਾ ਹੈ ਕਿ ਉਨ੍ਹਾਂ ਇੰਝ ਕਿਉਂ ਕੀਤਾ? ਅਦਾਲਤ ਨੇ ਫਿਲਹਾਲ ਕੋਈ ਹੁਕਮ ਜਾਰੀ ਨਹੀਂ ਕੀਤਾ।

## ਨਸ਼ਿਆਂ ਸੰਬੰਧੀ ਸੈਮੀਨਾਰ 23 ਸਤੰਬਰ ਨੂੰ

ਜੀਵਨ ਜਾਂਚ ਸੇਵਾ ਸੰਸਥਾ ਵੱਲੋਂ ਨਸ਼ਿਆਂ ਸੰਬੰਧੀ ਇਕ ਸੈਮੀਨਾਰ ਜਿਸ ਵਿੱਚ ਨਸ਼ਿਆਂ ਦੇ ਮਾਰੂ ਅਸਰ ਅਤੇ ਉਸਤੋਂ ਕਿਵੇਂ ਛੁਟਕਾਰਾ ਪਾਇਆ ਜਾਵੇ 23 ਸਤੰਬਰ ਐਤਵਾਰ ਸਮਾਂ 3 ਵਜੇ ਤੋਂ ਲੈਕੇ 4.30 ਤੱਕ 99 ਗਲਿਡਨ ਰੋਡ ਬਰੈਂਪਟਨ ਗੁਰਦੁਵਾਰਾ ਸਾਹਿਬ ਵਿਖੇ ਹੋਣ ਜਾ ਰਿਹਾ ਹੈ। ਮੁੱਖ ਬੁਲਾਰੇ ਸ. ਗੁਲਜ਼ਾਰ ਸਿੰਘ ਜੀ ਹੋਣਗੇ। ਹਰ ਇਕ ਨੂੰ ਬੇਨਤੀ ਇਸ ਵਿੱਚ ਸ਼ਾਮਿਲ ਹੋਕੇ ਸੰਸਥਾ ਦੇ ਧੰਨਵਾਦ ਪਾਤਰ ਬਣੋ।

# ਯਾਤਰੀਆਂ ਨੂੰ ਛੱਡ ਕੇ ਉੱਡ ਗਏ ਜਹਾਜ਼ ਕਾਰਨ ਇੰਡੀਗੋ ਕੰਪਨੀ ਨੂੰ ਮੋਟਾ ਜੁਰਮਾਨਾ ਪਿਆ



ਨਵੀਂ ਦਿੱਲੀ, 19 ਸਤੰਬਰ (ਪੋਸਟ ਬਿਊਰੋ)- ਏਅਰਪੋਰਟ ਉੱਤੇ ਮੁਸਾਫਰਾਂ ਨੂੰ ਛੱਡ ਕੇ ਫਲਾਈਟ ਰਵਾਨਾ ਕਰਨ ਦੇ ਕੇਸ ਵਿੱਚ ਇੰਡੀਗੋ ਏਅਰਲਾਈਨਜ਼ ਨੂੰ 61000 ਰੁਪਏ ਜੁਰਮਾਨਾ ਭਰਨ ਦਾ ਹੁਕਮ ਦਿੱਤਾ ਗਿਆ ਹੈ।

ਦੱਸਿਆ ਜਾ ਰਿਹਾ ਹੈ ਕਿ ਕੋਲਕਾਤਾ ਤੋਂ ਅਗਰਤਲਾ ਜਾਣ ਵਾਲਾ ਇੱਕ ਪਰਵਾਰ ਏਅਰਪੋਰਟ ਉੱਤੇ ਬੋਰਡਿੰਗ ਦੇ ਇੰਤਜ਼ਾਰ ਵਿੱਚ ਸੀ, ਪਰ ਉਨ੍ਹਾਂ ਨੂੰ ਕੋਈ ਸੂਚਨਾ ਦਿੱਤੇ ਬਿਨਾਂ ਜਹਾਜ਼ ਨੇ ਉਡਾਰੀ ਲਾ ਲਈ। ਇਸ ਮਾਮਲੇ ਬਾਰੇ ਰਾਸ਼ਟਰੀ ਖਪਤਕਾਰ ਕਮਿਸ਼ਨ ਨੇ ਪਰਵਾਰ ਨੂੰ 41000 ਰੁਪਏ ਦੀਆਂ ਟਿਕਟਾਂ ਦੇ ਪੈਸਿਆਂ ਤੋਂ ਇਲਾਵਾ 2000 ਰੁਪਏ ਹੋਰ ਦੇਣ ਨੂੰ ਕਿਹਾ ਹੈ। ਏਅਰਲਾਈਨ ਦੀ ਰਿਵੀਊ ਅਰਜ਼ੀ ਰੱਦ ਕਰਦਿਆਂ ਕਮਿਸ਼ਨ ਦੇ ਮੁਖੀ ਆਰ ਕੇ ਅਗਰਵਾਲ ਨੇ ਏਅਰਲਾਈਨ ਨੂੰ ਯਾਤਰੀਆਂ ਨਾਲ ਸੰਪਰਕ ਨਾ ਕਰ ਸਕਣ ਦਾ ਦੋਸ਼ੀ ਕਰਾਰ ਦਿੱਤਾ।

ਇੰਡੀਗੋ ਨੇ ਆਪਣੀ ਵੈੱਬਸਾਈਟ 'ਤੇ ਕਿਹਾ ਕਿ ਇੰਡੀਗੋ ਮੋਬਾਈਲ ਫੋਨ ਰਾਹੀਂ ਅਗੇਤੀ ਸੂਚਨਾ ਦਿੰਦੀ ਹੈ। ਹਰ ਯਾਤਰੀ ਲਈ ਲਾਜ਼ਮੀ ਹੈ ਕਿ ਉਹ ਬੁਕਿੰਗ ਸਮੇਂ ਆਪਣਾ ਮੋਬਾਈਲ ਨੰਬਰ ਹਾਸਲ ਕਰਾਏ। ਇਸ ਤੋਂ ਪਹਿਲਾਂ ਹੈਦਰਾਬਾਦ ਤੋਂ ਨਾਗਪੁਰ ਜਾ ਰਹੇ ਇੰਡੀਗੋ ਜਹਾਜ਼ ਦੇ ਕੁਝ ਮੁਸਾਫਰਾਂ ਦਾ ਸਮਾਨ ਛੱਡ ਦਿੱਤਾ ਗਿਆ ਸੀ, ਜਿਸ ਕਾਰਨ ਉਨ੍ਹਾਂ ਨੂੰ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਏਅਰਲਾਈਨਜ਼ ਮੁਤਾ-ਬਕ ਰਸਤੇ 'ਚ ਮੌਸਮ ਖਰਾਬ ਹੋਣ ਕਾਰਨ ਜਹਾਜ਼ 'ਚ ਜ਼ਿਆਦਾ ਮਾਤਰਾ 'ਚ ਤੇਲ ਨਾ ਹੋਣ ਕਾਰਨ ਹੈਦਰਾਬਾਦ ਹਵਾਈ ਅੱਡੇ 'ਤੇ ਸਮਾਨ ਛੁਟ ਗਿਆ। ਇਸ ਕਾਰਨ ਕਰੀਬ 20 ਮੁਸਾਫਰਾਂ ਦਾ ਸਮਾਨ ਨਹੀਂ ਲਿਆਂਦਾ ਗਿਆ।

# ਮੈਰੀਕਾਮ ਨੇ ਚਾਰ ਘੰਟਿਆਂ ਵਿੱਚ ਦੋ ਕਿਲੋ ਭਾਰ ਘਟਾਇਆ



ਨਵੀਂ ਦਿੱਲੀ, 19 ਸਤੰਬਰ (ਪੋਸਟ ਬਿਊਰੋ)- ਚਾਰ ਘੰਟੇ ਵਿੱਚ ਦੋ ਕਿਲੋ ਭਾਰ ਘੱਟ ਕਰਨਾ ਸੁਣਨ ਵਿੱਚ ਥੋੜ੍ਹਾ ਅਜੀਬ ਲੱਗੇਗਾ, ਪਰ ਲੰਬੀ ਯਾਤਰਾ ਤੋਂ ਬਾਅਦ ਪੋਲੈਂਡ ਪਹੁੰਚੀ ਭਾਰਤੀ ਮੁੱਕੇਬਾਜ਼ ਐੱਮ ਸੀ ਮੈਰੀਕਾਮ ਨੂੰ ਥਕਾਨ ਦੇ ਬਾਵਜੂਦ ਇਸ ਚੁਣੌਤੀ ਨੂੰ ਪੂਰਾ ਕਰਨਾ ਪਿਆ ਸੀ। ਪੋਲੈਂਡ ਦੇ ਗਿਲਵ-ਾਇਸ ਵਿੱਚ ਹਾਲ ਹੀ ਵਿੱਚ ਖਤਮ ਹੋਏ 13ਵੇਂ ਸਿਲੇਸੀਅਨ ਮੁੱਕੇਬਾਜ਼ੀ ਟੂਰਨਾਮੈਂਟ ਲਈ ਮੈਰੀਕਾਮ ਜਦੋਂ ਉਥੇ ਪਹੁੰਚੀ ਤਾਂ ਉਸ ਦਾ ਭਾਰ ਦੋ ਕਿਲੋ ਵੱਧ ਸੀ ਤੇ ਟੂਰਨਾਮੈਂਟ ਲਈ ਭਾਰ ਬਰਾਬਰ ਕਰਨ ਲਈ ਉਸ ਕੋਲ ਚਾਰ ਘੰਟੇ ਦਾ ਸਮਾਂ ਸੀ। ਉਸ ਨੇ ਇਸ ਚੁਣੌਤੀ ਨੂੰ ਪੂਰਾ ਕੀਤਾ ਤੇ ਟੂਰਨਾਮੈਂਟ ਵਿੱਚ ਸੋਨ ਤਮਗਾ ਵੀ ਜਿੱਤ ਲਿਆ, ਜਿਹੜਾ ਇਸ ਸਾਲ ਦਾ ਉਸ ਦਾ ਤੀਜਾ ਸੋਨ ਤਮਗਾ ਹੈ।

ਪੰਜ ਵਾਰ ਦੀ ਵਿਸ਼ਵ ਚੈਂਪੀਅਨ ਮੈਰੀਕਾਮ ਨੇ ਦੇਸ ਪਰਤਣ ਤੋਂ ਬਾਅਦ ਕਿਹਾ, ਅਸੀਂ ਲਗਭਗ ਤਿੰਨ-ਸਾਢੇ ਤਿੰਨ ਵਜੇ ਸਵੇਰੇ ਪੋਲੈਂਡ ਪਹੁੰਚੇ ਤੇ ਟੂਰਨਾਮੈਂਟ ਲਈ ਭਾਰ ਪ੍ਰੋਗਰਾਮ ਸਵੇਰੇ ਸੱਤ ਵਜੇ ਹੋਣਾ ਸੀ। ਮੈਨੂੰ 48 ਕਿਲੋਗਰਾਮ ਭਾਰ ਵਰਗ ਵਿੱਚ ਹਿੱਸਾ ਲੈਣਾ ਪੈਣਾ ਸੀ ਤੇ ਮੇਰਾ ਭਾਰ ਉਸ ਤੋਂ ਦੋ ਕਿਲੋ ਵੱਧ ਸੀ। ਮੈਰੀਕਾਮ (35 ਸਾਲ) ਨੇ ਕਿਹਾ, ਮੇਰੇ ਕੋਲ ਭਾਰ ਘੱਟ ਕਰਨ ਲਈ ਲਗਭਗ ਚਾਰ ਘੰਟੇ ਸਮਾਂ ਸੀ, ਇੰਜ ਨਾ ਕਰਾਂ ਤਾਂ ਮੈਂ ਡਿਸਕੁਆਲੀਫਾਈ ਹੋ ਜਾਂਦੀ। ਮੈਂ ਲਗਾਤਾਰ ਇੱਕ ਘੰਟੇ ਤੱਕ ਸਕੀਪਿੰਗ (ਰੱਸੀ ਟੱਪਣਾ) ਕੀਤੀ ਤੇ ਫਿਰ ਮੈਂ ਭਾਰ ਲਈ ਤਿਆਰ ਸੀ। ਉਸ ਨੇ ਕਿਹਾ ਕਿ ਸਾਡੇ ਲਈ ਚੰਗੀ ਗੱਲ ਇਹ ਸੀ ਕਿ ਜਿਸ ਜਹਾਜ਼ ਵਿੱਚ ਅਸੀਂ ਸਫਰ ਕਰ ਰਹੇ ਸੀ, ਉਹ ਲਗਭਗ ਖਾਲੀ ਸੀ, ਇਸ ਲਈ ਪੈਰ ਫੈਲਾ ਕੇ ਚੰਗੀ ਤਰ੍ਹਾਂ ਸੌਂ ਸਕੀ ਤਾਂ ਕਿ ਉਥੇ ਪਹੁੰਚ ਕੇ ਜ਼ਿਆਦਾ ਥਕਾਵਟ ਨਾ ਰਹੇ। ਨਹੀਂ ਤਾਂ ਮੈਨੂੰ ਨਹੀਂ ਪਤਾ ਕਿ ਮੈਂ ਟੂਰਨਾਮੈਂਟ ਵਿੱਚ ਹਿੱਸਾ ਲੈ ਵੀ ਪਾਉਂਦੀ ਜਾਂ ਨਹੀਂ। ਮਣੀਪੁਰ ਦੀ ਇਹ ਖਿਡਾਰੀ ਟੂਰਨਾਮੈਂਟ ਦੇ ਸੀਨੀਅਰ ਵਰਗ ਵਿੱਚ ਸੋਨ ਤਮਗਾ ਜਿੱਤਣ ਵਾਲੀ ਇਕਲੌਤੀ ਭਾਰਤੀ ਖਿਡਾਰੀ ਹੈ। ਮੈਰੀਕਾਮ ਦੋ ਮਹੀਨੇ ਵਿੱਚ 36 ਸਾਲ ਦੀ ਹੋ ਜਾਵੇਗੀ, ਪਰ ਇਸ ਨੇ ਇਹ ਸਾਫ ਕਰ ਦਿੱਤਾ ਕਿ ਉਹ 2020 ਦੀਆਂ ਓਲੰਪਿਕ ਖੇਡਾਂ ਤੱਕ ਆਪਣੀ ਖੇਡ ਜਾਰੀ ਰੱਖੇਗੀ।

# 9100 ਕਰੋੜ ਦੇ ਫੌਜੀ ਸੌਦਿਆਂ ਨੂੰ ਮੋਦੀ ਸਰਕਾਰ ਵੱਲੋਂ ਮਨਜ਼ੂਰੀ

ਨਵੀਂ ਦਿੱਲੀ, 19 ਸਤੰਬਰ (ਪੋਸਟ ਬਿਊਰੋ)- ਭਾਰਤ ਦੀ ਨਰਿੰਦਰ ਮੋਦੀ ਸਰਕਾਰ ਨੇ ਹੱਥਿਆਬੰਦ ਫੌਜਾਂ ਨੂੰ ਆਧੁਨਿਕ ਹਥਿਆਰਾਂ ਅਤੇ ਸਾਮਾਨ ਨਾਲ ਲੈਸ ਕਰਨ ਲਈ ਕੱਲ੍ਹ 9100 ਕਰੋੜ ਰੁਪਏ ਦੇ ਫੌਜੀ ਸੌਦਿਆਂ ਨੂੰ ਮਨਜ਼ੂਰੀ ਦੇ ਦਿੱਤੀ ਹੈ। ਰੱਖਿਆ ਮੰਤਰੀ ਨਿਰਮਲਾ ਸੀਤਾਰਮਨ ਦੀ ਅਗਵਾਈ ਵਿੱਚ ਹੋਈ ਡਿਫੈਂਸ ਖਰੀਦ ਕੌਂਸਲ ਦੀ ਬੈਠਕ ਵਿੱਚ ਦੇਸੀ ਆਕਾਸ਼ ਮਿਜ਼ਾਈਲ ਸਿਸਟਮ ਦੀ ਦੋ ਰੈਜ਼ੀਮੈਂਟ ਦੀ ਖਰੀਦ, ਟੀ-90 ਟੈਂਕਾਂ ਦੇ ਲਈ ਪਾਣੀ ਦੇ ਹੇਠਾਂ ਸਾਹ ਲੈਣ ਵਿੱਚ ਮਦਦ ਕਰਨ ਵਾਲੇ ਜੰਤਰ ਅਤੇ ਦਿਸ਼ਾ-ਨਿਰਦੇਸ਼ ਹਥਿਆਰ ਪ੍ਰਣਾਲੀ ਵਿਕਸਿਤ ਕਰਨ ਨੂੰ ਮਨਜ਼ੂਰੀ ਦਿੱਤੀ ਗਈ।

ਰੱਖਿਆ ਮੰਤਰਾਲੇ ਦੇ ਅਧਿਕਾਰੀਆਂ ਦੇ ਦੱਸਣ ਅਨੁਸਾਰ ਆਕਾਸ਼ ਮਿਜ਼ਾਈਲ ਪ੍ਰਣਾਲੀ 'ਦੇਸ਼ ਤੋਂ ਖਰੀਦੋ' ਸ਼ਰੇਣੀ ਵਿੱਚ ਭਾਰਤ ਡਾਇਨਾਮਿਕਸ ਲਿਮਟਿਡ ਤੋਂ ਖਰੀਦੀ ਜਾਏਗੀ। ਇਹ ਮੌਜੂਦਾ ਆਕਾਸ਼ ਮਿਜ਼ਾਈਲਾਂ ਦਾ ਇੱਕ ਨਵਾਂ ਵਰਜ਼ਨ ਹੋਵੇਗਾ। ਆਧੁਨਿਕ ਤਕਨੀਕ 'ਤੇ ਆਧਾਰਤ ਮਿਜ਼ਾਈਲ 360 ਡਿਗਰੀ 'ਤੇ ਕਿਤੇ ਵੀ ਕਿਸੇ ਵੀ ਦਿਸ਼ਾ ਵਿੱਚ ਮਾਰ ਕਰਨ ਦੇ ਸਮਰੱਥ ਹੋਵੇਗੀ। ਡਿਫੈਂਸ ਖਰੀਦ ਕੌਂਸਲ ਨੇ ਰੱਖਿਆ ਖੇਤਰ ਵਿੱਚ ਮੇਕ ਇਨ ਇੰਡੀਆ ਨੂੰ ਹੱਲਾਸ਼ੇਰੀ ਦੇਣ ਦੇ ਲਈ ਫੌਜ ਦੇ ਮੁਖੀ ਜੰਗੀ ਟੈਂਕ ਟੀ-90 ਵਿੱਚ ਵਰਣ ਵਾਲੇ ਸਾਹ ਲੈਣ ਦੇ ਜੰਤਰਾਂ ਦੇ ਦੇਸ਼ ਵਿੱਚ ਹੀ ਡਿਜ਼ਾਈਨ ਅਤੇ ਵਿਕਾਸ ਨੂੰ ਵੀ ਮਨਜ਼ੂਰੀ ਦਿੱਤੀ ਹੈ। ਇਹ ਜੰਤਰ ਰੱਖਿਆ ਖੋਜ ਅਤੇ ਵਿਕਾਸ ਸੰਗਠਨ (ਡੀ ਆਰ ਡੀ ਓ) ਵੱਲੋਂ ਤਿਆਰ ਕੀਤੇ ਜਾਣਗੇ।







ਵਧੀਆ ਮੁਨਾਫ਼ੇ ਲਈ ਭਾਰਤ ਵਿੱਚ ਨਿਵੇਸ਼ ਕਰੋ
INVEST FOR SMART RETURN IN INDIA
SALE PURCHASE & MANAGEMENT OF COMMERCIAL RESIDENCIAL PROPERTIES IN DELHI, GURGAON, NOIDA, CHANDIGARH, PUNJAB AND INVEST IN RUNNING HOSPITALS FOR SMART & SAFE RETURNS
Bhalla: 91-9316255513 | Bhullar: 905.453.0000
For More Details www.conceptindiaservices.com

# ਬ੍ਰਿਟੇਨ ਬਨਾਮ ਯੂਰਪ : ਬੇੜੀ ਫਸੀ ਅੱਧ-ਵਿਚਕਾਰ, ਸੁੱਝੇ ਆਰ ਨਾ ਪਾਰ

-ਲੰਡਨ ਤੋਂ ਕ੍ਰਿਸ਼ਨ ਭਾਟੀਆ

ਪਿਛਲੇ ਦੋ ਸਾਲਾਂ ਤੋਂ ਬ੍ਰਿਟੇਨ ਦੇ ਜਨਜੀਵਨ 'ਤੇ ਇੱਕੋ ਸਵਾਲ ਛਾਇਆ ਹੋਇਆ ਹੈ ਕਿ ਯੂਰਪ ਨਾਲੋਂ ਸੰਬੰਧ ਕਿਵੇਂ ਤੋੜਿਆ ਜਾਵੇ। ਇਸ ਨੂੰ ਅੰਗਰੇਜ਼ੀ ਵਿੱਚ 'ਬ੍ਰੈਗਜ਼ਿਟ' ਦਾ ਨਾਂਅ ਦਿੱਤਾ ਗਿਆ ਹੈ। ਜੂਨ 2016 ਵਿੱਚ ਜਦੋਂ ਤੋਂ ਬ੍ਰਿਟੇਨ ਦੇ ਲੋਕਾਂ ਨੇ ਰਿਫਰੈਂਡਮ ਦੇ ਵਿੱਚ ਵੋਟਾਂ ਦੇ ਮਾਮੂਲੀ ਫਰਕ ਨਾਲ ਯੂਰਪੀਨ ਯੂਨੀਅਨ ਛੱਡਣ ਦਾ ਫੈਸਲਾ ਕੀਤਾ, ਉਦੋਂ ਤੋਂ ਦੇਸ਼ ਦੀ ਸਿਆਸਤ ਇੱਕੋ ਧੁਰੀ ਦੁਆਲੇ ਘੁੰਮ ਰਹੀ ਹੈ; ਯੂਰਪ ਤੋਂ ਵੱਖ ਹੋਣ ਦੀ ਕਿਰਿਆ ਦਾ ਰੂਪ ਕੀ ਹੋਵੇ?

ਵੱਖ ਤਾਂ ਹੋਣਾ ਹੀ ਪੈਣਾ ਹੈ, ਪਰ ਉਸ ਰਾਹ 'ਚ ਜੋ ਔਕੜਾਂ ਆ ਰਹੀਆਂ ਹਨ, ਉਨ੍ਹਾਂ ਦਾ ਅੰਦਾਜ਼ਾ ਕਿਸੇ ਨੇ ਵੀ ਨਹੀਂ ਲਾਇਆ ਸੀ, ਖਾਸ ਕਰ ਕੇ ਉਸ ਸਮੇਂ ਦੇ ਪ੍ਰਧਾਨ ਮੰਤਰੀ ਡੇਵਿਡ ਕੈਮਰੂਨ ਨੇ ਵੀ ਨਹੀਂ, ਜਿਨ੍ਹਾਂ ਨੇ ਰਿਫਰੈਂਡਮ ਕਰਵਾਉਣ ਦੇ ਫੈਸਲੇ ਦਾ ਐਲਾਨ ਕੀਤਾ ਸੀ। ਉਨ੍ਹਾਂ ਨੇ ਇਹ ਕਲਪਨਾ ਵੀ ਨਹੀਂ ਕੀਤੀ ਸੀ ਕਿ ਜਨਮਤ ਦਾ ਫੈਸਲਾ ਉਲਟ ਵੀ ਆ ਸਕਦਾ ਹੈ ਤੇ ਉਸ ਨਾਲ ਪੈਦਾ ਹੋਣ ਵਾਲੀਆਂ ਸਥਿਤੀਆਂ ਦਾ ਸਾਹਮਣਾ ਕਿਵੇਂ ਕਰਨਾ ਹੈ।

ਅਸਲ ਵਿੱਚ ਰਿਫਰੈਂਡਮ ਦਾ ਫੈਸਲਾ ਨਤੀਜਿਆਂ ਦੀ ਗੰਭੀਰਤਾ ਉੱਤੇ ਵਿਚਾਰ ਕੀਤੇ ਬਿਨਾਂ ਕਾਹਲੀ ਵਿੱਚ ਲਿਆ ਗਿਆ ਸੀ। ਸਿੱਟੇ ਵਜੋਂ ਬ੍ਰਿਟੇਨ ਨੂੰ ਉਨ੍ਹਾਂ ਸਭ ਸਹੂਲਤਾਂ ਤੋਂ ਵਾਂਝਾ ਹੋਣਾ ਪੈ ਰਿਹਾ ਹੈ, ਜੋ ਉਸ ਨੂੰ ਯੂਰਪੀਅਨ ਯੂਨੀਅਨ ਦਾ ਮੈਂਬਰ ਹੋਣ ਦੇ ਨਾਤੇ ਮਿਲੀਆਂ ਹੋਈਆਂ ਹਨ, ਜਿਵੇਂ ਯੂਰਪੀਅਨ ਦੇਸ਼ਾਂ ਨਾਲ ਬਿਨਾਂ ਟੈਕਸ ਵਪਾਰ ਦੀ ਛੋਟ ਤੇ ਉਨ੍ਹਾਂ ਦੇਸ਼ਾਂ ਦੇ ਰਾਹੀਂ ਦੁਨੀਆ ਦੇ ਹੋਰਨਾਂ ਦੇਸ਼ਾਂ ਨਾਲ ਆਸਾਨ ਦਰਾਂ 'ਤੇ ਕਾਰੋਬਾਰ ਕਰਨ ਦੀ ਖੁੱਲ੍ਹ, ਬ੍ਰਿਟਿਸ਼ ਨਾਗਰਿਕਾਂ ਨੂੰ ਬਿਨਾਂ ਵੀਜ਼ੇ ਦੇ ਯੂਰਪੀਅਨ ਯੂਨੀਅਨ ਦੇ ਮੈਂਬਰ ਦੇਸ਼ਾਂ 'ਚ ਆਉਣ-ਜਾਣ, ਉਥੇ ਨੌਕਰੀ ਜਾਂ ਕਾਰੋਬਾਰ ਕਰਨ, ਪ੍ਰਾਪਰਟੀ ਖਰੀਦਣ ਜਾਂ ਵੇਚਣ, ਉਥੇ ਜਾ ਕੇ ਰਹਿਣ-ਵਸਣ ਦੀ ਆਜ਼ਾਦੀ ਵਗੈਰਾ।

ਸਥਿਤੀ ਅੱਜ ਇਹ ਹੈ ਕਿ ਆਪਣੀਆਂ ਭਰਪੂਰ ਕੋਸ਼ਿਸ਼ਾਂ ਦੇ ਬਾਵਜੂਦ ਬ੍ਰਿਟੇਨ ਯੂਰਪ ਤੋਂ ਅਜੇ ਤੱਕ ਉਹ ਸ਼ਰਤਾਂ ਮੰਨਵਾਉਣ 'ਚ ਸਫਲ ਨਹੀਂ ਹੋ ਰਿਹਾ, ਜਿਨ੍ਹਾਂ ਦੀ ਉਸ ਨੇ ਆਸ ਰੱਖੀ ਹੈ। ਉਸ ਦੀ ਇੱਛਾ ਅਤੇ ਕੋਸ਼ਿਸ਼ ਇਹ ਹੈ ਕਿ ਵਿਦਾਈ ਹੋਣੀ ਹੈ ਤਾਂ ਸਨਮਾਨ ਵਾਲੀ ਹੋਵੇ। ਮੁੱਖ ਚਿੰਤਾ ਹੈ ਕਾਰੋਬਾਰ, ਜਿਸ ਲਈ ਉਹ ਚਾਹੁੰਦਾ ਹੈ ਕਿ ਜੇ ਪਹਿਲਾਂ ਵਾਂਗ ਨਹੀਂ ਤਾਂ ਘੱਟੋ-ਘੱਟ ਮਿਲਦੀਆਂ-ਜੁਲਦੀਆਂ ਸਹੂਲਤਾਂ ਹੀ ਮਿਲ ਜਾਣ, ਪਰ ਅਜਿਹਾ ਹੋ ਨਹੀਂ ਰਿਹਾ।




ਯੂਰਪੀਅਨ ਯੂਨੀਅਨ ਦੇ ਅਧਿਕਾਰੀਆਂ ਦਾ ਰੁਖ ਹਮਦਰਦੀ ਵਾਲਾ ਨਹੀਂ। ਬ੍ਰਿਟੇਨ ਦੀ ਪ੍ਰਧਾਨ ਮੰਤਰੀ ਥੇਰੇਸਾ ਮੇ ਦੇ ਅਣਥੱਕ ਯਤਨਾਂ ਦੇ ਬਾਵਜੂਦ ਯੂਰਪੀਅਨ ਯੂਨੀਅਨ ਕੁਝ ਵੀ ਅਜਿਹਾ ਕਰਨ ਲਈ ਤਿਆਰ ਨਹੀਂ, ਜਿਸ ਨਾਲ ਬ੍ਰਿਟੇਨ ਦੀਆਂ ਮੁਸ਼ਕਲਾਂ ਘੱਟ ਹੋ ਸਕਣ। ਬ੍ਰਿਟੇਨ ਦੀਆਂ ਪਰੇਸ਼ਾਨੀਆਂ ਇੱਕ ਹੋਰ ਵਜ੍ਹਾ ਕਰ ਕੇ ਵਧ ਰਹੀਆਂ ਹਨ ਤੇ ਉਹ ਇਹ ਹੈ ਕਿ ਯੂਰਪੀ ਦੇਸ਼ਾਂ ਤੋਂ ਬਾਹਰਲੇ ਦੇਸ਼ਾਂ ਨਾਲ ਵਪਾਰ ਸਮਝੌਤੇ ਕਰਨ ਦੀਆਂ ਉਸ ਦੀਆਂ ਕੋਸ਼ਿਸ਼ਾਂ ਸਿਰੇ ਨਹੀਂ ਚੜ੍ਹ ਰਹੀਆਂ।

ਸਿਰਫ ਛੇ ਮਹੀਨੇ ਰਹਿ ਗਏ ਹਨ, ਜਦੋਂ ਬ੍ਰਿਟੇਨ ਨੂੰ ਵਿਧੀ ਪੂਰਵਕ ਯੂਰਪੀਅਨ ਯੂਨੀਅਨ 'ਚੋਂ ਨਿਕਲਣਾ ਪਵੇਗਾ। ਉਸ ਤੋਂ ਪਹਿਲਾਂ ਕੋਈ ਅਜਿਹੀ ਸੰਧੀ ਤੈਅ ਹੋਣੀ ਚਾਹੀਦੀ ਹੈ, ਜਿਸ ਦੇ ਜ਼ਰੀਏ ਕਾਰੋਬਾਰ ਇਮੀਗਰੇਸ਼ਨ ਆਦਿ ਅਹਿਮ ਵਿਸ਼ਿਆਂ 'ਤੇ ਯੂਰਪ ਨਾਲ ਬ੍ਰਿਟੇਨ ਦੇ ਸੰਬੰਧ ਬਣੇ ਰਹਿਣ। ਇਸ ਦੀਆਂ ਸੰਭਾਵਨਾਵਾਂ ਘੱਟ ਹਨ, ਜਿਸ ਕਰ ਕੇ ਇਹ ਖਦਸ਼ੇ ਪੈਦਾ ਹੋ ਰਹੇ ਹਨ ਕਿ ਬ੍ਰਿਟੇਨ ਨੂੰ ਬਿਨਾਂ ਕਿਸੇ ਸੰਧੀ ਦੇ ਯੂਰਪੀਅਨ ਯੂਨੀਅਨ 'ਚੋਂ ਨਿਕਲਣਾ ਪਵੇਗਾ।

ਬ੍ਰਿਟੇਨ ਦੀ ਬੇੜੀ ਅੱਧ-ਵਿਚਕਾਰ ਹੈ ਤੇ ਉਸ ਨੂੰ ਸੁੱਝ ਨਹੀਂ ਰਿਹਾ ਕਿ ਆਰ ਜਾਵੇ ਜਾਂ ਪਾਰ। ਕਈ ਫਾਰਮੂਲੇ ਪੇਸ਼ ਕੀਤੇ ਜਾ ਚੁੱਕੇ ਹਨ, ਪਰ ਕੋਈ ਵੀ ਸਿਰੇ ਨਹੀਂ ਚੜ੍ਹ ਰਿਹਾ। ਲੋਕ ਇਸ ਬਾਰੇ ਪਰੇਸ਼ਾਨ ਹੋ ਰਹੇ ਹਨ ਤੇ ਦੇਸ਼ 'ਚ ਸਿਆਸੀ ਤਣਾਅ ਦਾ ਮਾਹੌਲ ਹੈ। ਖੁਦ ਰਾਜ ਕਰਦੀ ਟੋਰੀ ਪਾਰਟੀ ਅੰਦਰ ਨਾਰਾਜ਼ਗੀ ਅਤੇ ਰੋਸ ਹੈ। ਥੇਰੇਸਾ ਮੇ ਦੀ ਲੀਡਰਸ਼ਿਪ 'ਤੇ ਸਵਾਲ ਉਠ ਰਹੇ ਹਨ। 'ਬ੍ਰੈਗਜ਼ਿਟ' ਸਮੱਸਿਆ ਅਜੇ ਤੱਕ ਹੱਲ ਨਾ ਕਰ ਸਕਣ ਕਰ ਕੇ ਥੇਰੇਸਾ ਮੇ ਦੀ ਯੋਗਤਾ ਅਤੇ ਸਮਰੱਥਾ ਨੂੰ ਸਖਤ ਆਲੋਚਨਾ ਦਾ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਨ੍ਹਾਂ ਦੀ ਯੂਰਪ ਨੀਤੀ 'ਤੇ ਨਾਰਾਜ਼ਗੀ ਪ੍ਰਗਟ ਕਰਦਿਆਂ ਤਿੰਨ ਪ੍ਰਮੁੱਖ ਮੰਤਰੀ ਆਪਣੇ ਅਹੁਦੇ ਤੋਂ ਅਸਤੀਫੇ ਦੇ ਚੁੱਕੇ ਹਨ, ਜਿਨ੍ਹਾਂ ਵਿੱਚ ਵਿਦੇਸ਼ ਮੰਤਰੀ ਬੋਰਿਸ ਜਾਨਸਨ ਵੀ ਸ਼ਾਮਲ ਹਨ। ਥੇਰੇਸਾ ਮੇ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਹਟਾਉਣ ਦੇ ਚਰਚੇ ਹਨ, ਹਾਲਾਂਕਿ ਇਸ ਦਿਸ਼ਾ ਵਿੱਚ ਕਿਸੇ ਵੀ ਧਿਰ ਵੱਲੋਂ ਅਜੇ ਕੋਈ ਗੰਭੀਰ ਯਤਨ ਨਹੀਂ ਕੀਤਾ ਗਿਆ।

ਵਧਦੀਆਂ ਇਨ੍ਹਾਂ ਮੁਸ਼ਕਲਾਂ ਦੇ ਮੱਦੇਨਜ਼ਰ ਵੱਖ-ਵੱਖ ਸੁਝਾਅ ਤੇ ਬਦਲ ਪੇਸ਼ ਕੀਤੇ ਜਾ ਰਹੇ ਹਨ। ਇਹ ਰਾਏ ਜ਼ੋਰ ਫੜ ਰਹੀ ਹੈ ਕਿ ਜਿਸ ਤਰ੍ਹਾਂ ਰਿਫਰੈਂਡਮ ਦਾ ਫੈਸਲਾ ਕੀਤਾ ਗਿਆ, ਉਹ ਬੁਨਿਆਦੀ ਤੌਰ ਉਤੇ ਗਲਤ ਸੀ। ਇਸ ਲਈ ਕਿਹਾ ਜਾ ਰਿਹਾ ਹੈ ਕਿ ਉਸ ਨੂੰ ਬਦਲਣ ਲਈ ਇੱਕ ਹੋਰ ਰਿਫਰੈਂਡਮ ਕਰਵਾਇਆ ਜਾਵੇ ਤੇ ਇਸ ਦੇ ਪੱਖ ਵਿੱਚ ਜ਼ੋਰਦਾਰ ਆਵਾਜ਼ਾਂ ਉਠ ਰਹੀਆਂ ਹਨ। ਕਈ ਪ੍ਰਮੁੱਖ ਨੇਤਾਵਾਂ ਨੇ ਇਸ ਦਾ ਸਮਰਥਨ ਕੀਤਾ ਹੈ। ਸਮਰਥਨ ਕਰਨ ਵਾਲਿਆਂ 'ਚ ਤਿੰਨ ਸਾਬਕਾ ਪ੍ਰਧਾਨ ਮੰਤਰੀ ਟੋਨੀ ਬਲੇਅਰ, ਜੌਨ ਮੇਜਰ ਤੇ ਗੋਰਡਨ ਬਰਾਊਨ ਸ਼ਾਮਲ ਹਨ। ਲੰਡਨ ਦੇ ਮੇਅਰ ਜਾਵੇਦ ਸਾਦਿਕ ਨੇ ਬਹੁਤ ਜ਼ੋਰਦਾਰ ਸ਼ਬਦਾਂ ਵਿੱਚ ਕਿਹਾ ਕਿ ਦੂਜੀ ਰਿਫਰੈਂਡਮ ਤੋਂ ਇਲਾਵਾ ਕੋਈ ਹੋਰ ਬਦਲ ਨਹੀਂ ਹੈ। ਤਾਜ਼ਾ ਸਰਵੇਖਣ ਦੱਸ ਰਹੇ ਹਨ ਕਿ ਲੋਕਾਂ ਦੀ ਰਾਏ ਤੇਜ਼ੀ ਨਾਲ ਦੂਜੀ ਰਿਫਰੈਂਡਮ ਦੇ ਪੱਖ ਵਿੱਚ ਬਦਲ ਰਹੀ ਹੈ।

ਆਉਣ ਵਾਲੇ ਦਿਨਾਂ ਵਿੱਚ ਬ੍ਰਿਟੇਨ ਦੀ ਸਿਆਸਤ ਕੋਈ ਵੱਡਾ ਮੋੜ ਕੱਟਣ ਵਾਲੀ ਹੈ। ਪ੍ਰਧਾਨ ਮੰਤਰੀ ਥੇਰੇਸਾ ਮੇ ਨੇ 'ਬ੍ਰੈਗਜ਼ਿਟ' ਉੱਤੇ ਨਵਾਂ ਫਾਰਮੂਲਾ ਤਿਆਰ ਕੀਤਾ ਹੈ, ਪਰ ਉਸ ਨੂੰ ਕੋਈ ਖਾਸ ਸਹਿਮਤੀ ਨਹੀਂ ਮਿਲੀ। ਖੁਦ ਉਨ੍ਹਾਂ ਦੀ ਪਾਰਟੀ ਦੇ ਕੁਝ ਪ੍ਰਮੁੱਖ ਨੇਤਾਵਾਂ ਨੇ ਉਸ ਫਾਰਮੂਲੇ ਦਾ ਸਮਰਥਨ ਨਹੀਂ ਕੀਤਾ। ਲੇਬਰ ਤੇ ਲਿਬਰਲ ਡੈਮੋਕ੍ਰੇਟਿਕ ਨੇ ਉਸ ਦਾ ਵਿਰੋਧ ਹੀ ਕੀਤਾ ਹੈ। ਥੇਰੇਸਾ ਮੇ ਨੇ ਆਪਣੇ ਨਵੇਂ ਫਾਰਮੂਲੇ ਦੀ ਆਲੋਚਨਾ ਕਰਨ ਵਾਲਿਆਂ ਨੂੰ ਚਿਤਾਵਨੀ ਦਿੱਤੀ ਹੈ ਕਿ "ਜੇ ਕੋਈ ਸੰਧੀ ਹੋਵੇਗੀ ਤਾਂ ਮੇਰੇ ਹੀ ਫਾਰਮੂਲੇ 'ਤੇ, ਨਹੀਂ ਤਾਂ ਹੋਰ ਕੋਈ ਸੰਧੀ ਨਹੀਂ।'

## ਅਣਜਾਣ ਸ਼ਹਿਰ ਦਾ ਫਰਿਸ਼ਤਾ

-ਸ਼ਬਨਮ ਕੌਰ

ਅਖਬਾਰਾਂ, ਟੀ ਵੀ ਅਤੇ ਰੇਡੀਓ ਉੱਤੇ ਰੋਜ਼ ਚੋਰੀ, ਧੋਖਾਧੜੀ, ਕਤਲੇਆਮ, ਜ਼ਮੀਨ-ਜਾਇਦਾਦ ਨੂੰ ਲੈ ਕੇ ਹੁੰਦੇ ਲੜਾਈ-ਝਗੜਿਆਂ ਬਾਰੇ ਪੜ੍ਹਦੇ ਸੁਣਦੇ ਹਾਂ ਤਾਂ ਦਿਲ ਦਹਿਲਦਾ ਹੈ। ਇਨਸਾਨੀ ਕਦਰਾਂ-ਕੀਮਤਾਂ ਦਾ ਹਾਲ ਇਹ ਹੈ ਕਿ ਸੜਕ ਉਤੇ ਜ਼ਖਮੀ ਪਏ ਬੰਦੇ ਦੀ ਸਹਾਇਤਾ ਲਈ ਕੋਈ ਅੱਗੇ ਨਹੀ ਵਧਦਾ, ਸਗੋਂ ਤਮਾਸ਼ਬੀਨ ਫੋਨ-ਵੀਡੀਓ ਬਣਾਉਣ ਲੱਗ ਪੈਂਦੇ ਹਨ। ਅਜਿਹੇ ਹਾਲਾਤ ਬਾਰੇ ਸੋਚਣ ਸਾਰ ਮੇਰੀ ਬਿਰਤੀ ਉਸ ਦਿਨ ਅੱਗੇ ਜਾ ਖੜ੍ਹਦੀ ਹੈ, ਜਿਸ ਨੇ ਮੇਰੀ ਸੋਚ ਵਿੱਚ ਤਬਦੀਲੀ ਲਿਆਂਦੀ। ਜਾਪਿਆ, ਇਨਸਾਨੀਅਤ ਅਜੇ ਸਾਹ ਲੈ ਰਹੀ ਹੈ।

ਅਸਲ ਵਿੱਚ ਪਿਛਲੇ ਮਹੀਨੇ ਮੈਨੂੰ ਇੰਟਰਵਿਊ ਲਈ ਨੋਇਡਾ ਜਾਣਾ ਪਿਆ। ਪਹਿਲਾਂ ਮੈਂ ਕਦੇ ਨੋਇਡਾ ਨਹੀਂ ਸੀ ਗਈ। ਪਿਤਾ ਜੀ ਦੇ ਡਿਊਟੀ ਤੇ ਮਾਤਾ ਜੀ ਦਾ ਘਰੇ ਕੰਮ-ਕਾਰ ਹੋਣ ਕਰ ਕੇ ਮੈਨੂੰ ਇਕੱਲੀ ਨੂੰ ਜਾਣਾ ਪਿਆ। ਇੰਟਰਵਿਊ 11 ਵਜੇ ਸੀ ਅਤੇ ਮੈਂ ਸਵੇਰੇ ਚਾਰ ਕੁ ਵਜੇ ਚੰਡੀਗੜ੍ਹ ਤੋਂ ਦਿੱਲੀ ਜਾਣ ਵਾਲੀ ਬਸ ਵਿੱਚ ਬੈਠ ਗਈ। ਤਕਰੀਬਨ ਸਾਢੇ ਦਸ ਵਜੇ ਦਿੱਲੀ ਮੈਟਰੋ ਸਟੇਸ਼ਨ ਤੋਂ ਨੋਇਡਾ ਪਹੁੰਚ ਗਈ। ਇੰਟਰਵਿਊ ਲਈ ਕਾਫੀ ਉਮੀਦਵਾਰ ਆਏ ਹੋਏ ਸਨ। ਦੋ ਕੁ ਵਜੇ ਮੇਰਾ ਇੰਟਰਵਿਊ ਖਤਮ ਹੋ ਗਿਆ ਅਤੇ ਅੱਧੇ ਘੰਟੇ 'ਚ ਦਸਤਾਵੇਜ਼ਾਂ ਦੀ ਜਾਂਚ ਵੀ ਮੁਕੰਮਲ ਹੋ ਗਈ। ਇੰਟਰਵਿਊ ਦਾ ਨਤੀਜਾ ਅਗਲੇ ਦਿਨ ਫੋਨ ਰਾਹੀਂ ਪਤਾ ਲੱਗਣਾ ਸੀ। ਇੰਟਰਵਿਊ ਮੇਰੀ ਤਿਆਰੀ ਦੇ ਹਿਸਾਬ ਨਾਲ ਵਧੀਆ ਨਹੀਂ ਸੀ। ਇਹੀ ਸੋਚਦੀ ਮੈਂ ਕੰਪਨੀ ਦੇ ਦਫਤਰ ਵਿੱਚੋਂ ਬਾਹਰ ਆ ਗਈ ਤੇ ਨੋਇਡਾ ਮੈਟਰੋ ਸਟੇਸ਼ਨ ਤੱਕ ਜਾਣ ਲਈ ਆਟੋ ਵਿੱਚ ਬੈਠ ਗਈ। ਸਟੇਸ਼ਨ 'ਤੇ ਪਹੁੰਚ ਕੇ ਆਟੋ ਚਾਲਕ ਨੂੰ ਪੈਸੇ ਦੇਣ ਲਈ ਬੈਗ ਵਿੱਚ ਹੱਥ ਪਾਇਆ ਤਾਂ ਪੈਰਾਂ ਥੱਲਿਉਂ ਜ਼ਮੀਨ ਖਿਸਕ ਗਈ। ਬੈਗ ਵਿੱਚ ਪੈਸਿਆਂ ਵਾਲਾ ਪਰਸ ਨਹੀਂ ਸੀ ਤੇ ਮੇਰੇ ਕੋਲ ਐਨੇ ਪੈਸੇ ਵੀ ਨਹੀਂ ਸਨ ਕਿ ਆਟੋ ਚਾਲਕ ਨੂੰ ਕਿਰਾਇਆ ਦੇ ਸਕਦੀ। ਮੈਂ ਇਕਦਮ ਘਬਰਾ ਗਈ, ਪਰ ਖੁਦ ਨੂੰ ਸੰਭਾਲਦੀ ਹੋਈ ਆਪਣਾ ਪਰਸ ਫਿਰ ਭਾਲਣ ਲੱਗੀ। ਫਿਰ ਅਚਾਨਕ ਖਿਆਲ ਆਇਆ ਤੇ ਕੰਪਨੀ ਦੇ ਦਫਤਰ ਫੋਨ ਕਰ ਕੇ ਪਰਸ ਬਾਰੇ ਪੁੱਛਿਆ। ਮੇਰਾ ਮਸਾਂ ਸਾਹ ਵਿੱਚ ਸਾਹ ਆਇਆ ਕਿ ਪਰਸ ਉਥੇ ਰਹਿ ਗਿਆ ਸੀ। ਦਿਮਾਗ 'ਤੇ ਜ਼ੋਰ ਪਾਇਆ ਤਾਂ ਯਾਦ ਆਇਆ ਕਿ ਦਸਤਾਵੇਜ਼ ਦਿਖਾਉਂਦੇ ਸਮੇਂ ਪਰਸ ਮੇਜ਼ ਉੱਤੇ ਰਹਿ ਗਿਆ ਸੀ।

ਆਟੋ ਵਾਲੇ ਕੋਲ ਖੜ੍ਹੀ ਮੈਂ ਸੋਚ ਰਹੀ ਸੀ ਕਿ ਉਸ ਨੂੰ ਕਹਾਂ ਕੀ। ਉਸ ਸਾਰੇ ਅਣਜਾਣ ਸ਼ਹਿਰ ਵਿੱਚ ਮੇਰਾ ਕੋਈ ਰਿਸ਼ਤੇਦਾਰ ਜਾਂ ਦੋਸਤ ਵੀ ਨਹੀਂ ਸੀ, ਜਿਸ ਨੂੰ ਮੈਂ ਉਸ ਸਮੇਂ ਆਪਣੇ ਕੋਲ ਬੁਲਾ ਕੇ ਉਸ ਆਟੋ ਚਾਲਕ ਦਾ ਕਿਰਾਇਆ ਤਾਰ ਦਿੰਦੀ। ਮੈਂ ਝਿਜਕਦੀ ਝਿਜਕਦੀ ਨੇ ਉਸ ਨੂੰ ਸਾਰੀ ਗੱਲ ਦੱਸੀ। ਗੱਲ ਸੁਣ ਕੇ ਆਟੋ ਚਾਲਕ ਕਹਿੰਦਾ ਕਿ ਉਸ ਪਾਸੇ ਉਸ ਦਾ ਗੇੜਾ ਨਹੀਂ ਹੈ। ਪਤਾ ਨਹੀਂ, ਇਹ ਮੇਰੇ ਚਿਹਰੇ ਦੀਆਂ ਉਡੀਆਂ ਹਵਾਈਆਂ ਦਾ ਕੋਈ ਅਸਰ ਸੀ ਜਾਂ ਕੁਝ ਹੋਰ, ਉਹ ਖੁਦ ਹੀ ਆਖਣ ਲੱਗਾ, "ਐਨਾ ਜ਼ਰੂਰ ਕਰ ਸਕਦਾ ਹਾਂ ਕਿ ਤੁਹਾਨੂੰ ਕਿਸੇ ਦੂਸਰੇ ਆਟੋ ਵਿੱਚ ਬਿਠਾ ਦਿੰਦਾ ਹਾਂ।"

ਉਸ ਦੀ ਇਹ ਗੱਲ ਸੁਣ ਕੇ ਜਾਨ 'ਚ ਜਾਨ ਆਈ। ਉਸ ਵੇਲੇ ਉਹ ਮੇਰੇ ਲਈ ਕਿਸੇ ਫਰਿਸ਼ਤੇ ਤੋਂ ਘੱਟ ਨਹੀਂ ਸੀ। ਉਸ ਫਰਿਸ਼ਤੇ ਨੇ ਖੁਦ ਅੱਗੇ ਵਧ ਕੇ ਮੈਨੂੰ ਦੂਸਰੇ ਆਟੋ ਵਿੱਚ ਬਿਠਾਇਆ ਅਤੇ ਉਸ ਆਚੋ ਚਾਲਕ ਨੂੰ ਪੂਰੀ ਗੱਲ ਦੱਸ ਦਿੱਤੀ। ਮੈਂ ਬਿਨਾਂ ਕੁਝ ਬੋਲਿਆਂ, ਇਕਟੱਕ ਉਸ ਵੱਲ ਝਾਕ ਰਹੀ ਸਾਂ। ਮੇਰੇ ਕੋਲ ਤਾਂ ਉਸ ਫਰਿਸ਼ਤੇ ਦਾ ਧੰਨਵਾਦ ਕਰਨ ਲਈ ਸ਼ਬਦ ਵੀ ਨਹੀਂ ਸਨ। ਉਸ ਵੇਲੇ ਮੈਨੰ ਆਉਂਦੀਆਂ ਤਿੰਨ ਜ਼ੁਬਾਨਾਂ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵੀ ਮੇਰਾ ਸਾਥ ਨਾ ਦੇ ਸਕੀਆਂ। ਮੇਰੇ ਕੋਲ ਸ਼ਾਇਦ ਕੋਈ ਸ਼ਬਦ ਨਹੀਂ ਸੀ, ਜੋ ਔਕੜ ਦੀ ਉਸ ਘੜੀ ਵਿੱਚ ਉਸ ਦੀ ਇਸ ਮਦਦ ਲਈ ਉਸ ਨੂੰ ਕਹਿ ਸਕਦੀ। ਉਸ ਦੂਸਰੇ ਆਟੋ ਚਾਲਕ ਨੇ ਮੈਨੂੰ ਦਫਤਰ ਦੇ ਬਾਹਰ ਉਤਾਰਿਆ ਤੇ ਮੈਂ ਅੰਦਰੋਂ ਪਰਸ ਲਿਆ ਕੇ ਉਸ ਨੂੰ ਪੈਸੇ ਦੇ ਕੇ ਸਟੇਸ਼ਨ ਵਾਪਸੀ ਲਈ ਹੋਰ ਆਟੋ 'ਚ ਬੈਠ ਗਈ।

ਇਹ ਵਾਕਿਆ ਯਾਦ ਕਰ ਕੇ ਅੱਜ ਵੀ ਝੁਣਝੁਣੀ ਜਿਹੀ ਆ ਜਾਂਦੀ ਹੈ ਕਿ ਇੰਨੇ ਵੱਡੇ ਅਣਜਾਣ ਸ਼ਹਿਰ ਵਿੱਚ ਉਸ ਆਟੋ ਚਾਲਕ ਨੇ ਮੇਰੀ ਗੱਲ 'ਤੇ ਯਕੀਨ ਕਰ ਕੇ ਆਪਣੇ ਪੈਸਿਆਂ ਦੀ ਪ੍ਰਵਾਹ ਕੀਤੇ ਬਿਨਾਂ ਮੇਰੀ ਸਹਾਇਤਾ ਕੀਤੀ। ਜੇ ਉਹ ਮੇਰੇ 'ਤੇ ਯਕੀਨ ਨਾ ਕਰਦਾ ਤਾਂ ਉਸ ਵੇਲੇ ਮੈਂ ਕੀ ਕਰਦੀ? ਕਿਰਾਏ ਦੇ ਪੈਸੇ ਕਿੱਥੋਂ ਦਿੰਦੀ? ਖਬਰੇ ਕੀ ਭਾਣਾ ਵਰਤਦਾ? ਇਸ ਘਟਨਾ ਨੇ ਮੇਰਾ ਇਨਸਾਨੀਅਤ ਵਿੱਚ ਯਕੀਨ ਹੋਰ ਪੱਕਾ ਕਰ ਦਿੱਤਾ।

## ਹਲਕਾ ਫੁਲਕਾ

ਪੱਪੂ, "ਦੋ ਪੱਖੇ ਦੇਣਾ, ਇੱਕ ਲੇਡੀਜ਼ ਤੇ ਇੱਕ ਜੈਂਟਸ।"

ਸੇਲਜ਼ਮੈਨ, "ਪੱਖਿਆਂ ਵਿੱਚ ਲੇਡੀਜ਼ ਤੇ ਜੈਂਟਸ ਨਹੀਂ ਹੁੰਦਾ।"

ਪੱਪੂ, "ਹੁੰਦਾ ਕਿਵੇਂ ਨਹੀਂ, ਇੱਕ ਬਜਾਜ ਦਾ ਦੇ ਦਿਓ ਤੇ ਇੱਕ ਊਸ਼ਾ ਦਾ।"

*********

ਪਤਨੀ, "ਜੇ ਮੈਂ ਗੁਆਚ ਗਈ ਤਾਂ ਤੂੰ ਕੀ ਕਰੇਂਗਾ?"

ਪਤੀ, "ਮੈਂ ਅਖਬਾਰ ਵਿੱਚ ਇਸ਼ਤਿਹਾਰ ਕਢਵਾ ਦੇਵਾਂਗਾ।"

ਪਤਨੀ, "ਤੁਸੀਂ ਕਿੰਨੇ ਚੰਗੇ ਹੋ, ਚੰਗਾ ਦੱਸੋ ਕੀ ਲਿਖੋਗੇ?"

ਪਤੀ, "ਜਿਸ ਨੂੰ ਮਿਲੇ, ਉਸੇ ਦੀ।"

*********

ਦੋ ਬੱਚੇ ਆਪਸ ਵਿੱਚ ਗੱਲਾਂ ਕਰ ਰਹੇ ਸਨ।

ਪਹਿਲਾ ਬੋਲਿਆ, "ਮੇਰੇ ਦਾਦਾ ਜੀ 50 ਲੱਖ ਰੁਪਏ ਛੱਡ ਕੇ ਮਰੇ ਸਨ।"

ਦੂਜਾ, "ਇਸ ਵਿੱਚ ਕਿਹੜੀ ਵੱਡੀ ਗੱਲ ਹੈ। ਮੇਰੇ ਦਾਦਾ ਜੀ ਸਾਰੀ ਦੁਨੀਆ ਛੱਡ ਕੇ ਗਏ ਹਨ।"

# ਬਿਲਾਸਪੁਰੋਂ ਪਟਿਆਲੇ ਬਨਾਮ ਲੁਧਿਆਣਿਓਂ ਚੰਡੀਗੜ੍ਹ

-ਨਿਰਮਲ ਜੌੜਾ-

ਲੁਧਿਆਣਿਓਂ ਚੰਡੀਗੜ੍ਹ ਜਾਣ ਲਈ ਮੈਂ ਏ ਸੀ ਵਾਲਵੋ ਬੱਸ ਵਿੱਚ ਬੈਠਾ। ਨਾ ਗਰਮੀ, ਨਾ ਜੰਪ-ਹੰਪ, ਨਾ ਰੌਲਾ ਰੱਪਾ। ਸ਼ੀਸ਼ਿਆਂ 'ਤੇ ਪਰਦੇ ਸੀ, ਬਿਸਤਰੇ ਵਰਗੀ ਸੀਟ। ਅਖਬਾਰ ਪੜ੍ਹਦੇ ਨੂੰ ਉਦੋਂ ਹੀ ਪਤਾ ਲੱਗਿਆ ਜਦੋਂ ਖਮਾਣੋਂ ਟੱਪ ਗਏ। ਫਿਰ ਮੈਂ ਫੇਸਬੁੱਕ ਅਤੇ ਵਟਸਐਪ 'ਤੇ ਲੱਗ ਗਿਆ। ਚੰਡੀਗੜ੍ਹ ਵੜਦਿਆਂ ਸਾਰ ਇੱਧਰ ਉਧਰ ਦੇਖਿਆ, ਸਭ ਆਪੋ ਆਪਣੇ ਮੋਬਾਈਲ ਫੋਨਾਂ ਵਿੱਚ ਮਸਤ ਸਨ, ਕੁਝ ਸਕਰੀਨ 'ਤੇ ਚੱਲਦੀ ਫਿਲਮ ਦਾ ਨਜ਼ਾਰਾ ਲੈ ਰਹੇ ਸਨ। ਮੈਨੂੰ ਇਹ ਵੀ ਪਤਾ ਨਹੀਂ ਲੱਗਿਆ ਕਿ ਮੇਰੇ ਨਾਲ ਦੀ ਸੀਟ 'ਤੇ ਕੌਣ ਬੈਠਾ ਸੀ ਤੇ ਕਦੋਂ ਉਤਰ ਵੀ ਗਿਆ। ਸੁਖਾਲੇ ਹੋਏ ਇਸ ਸਫਰ ਬਾਰੇ ਸੋਚਦਾ ਮੈਂ ਢਾਈ ਤਿੰਨ ਦਹਾਕੇ ਪਿੱਛੇ ਪਹੁੰਚ ਗਿਆ। ਉਦੋਂ ਬੀ ਐਸ ਸੀ ਫਾਈਨਲ ਦਾ ਨਤੀਜਾ ਲੇਟ ਹੋ ਗਿਆ ਤਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪਤਾ ਕਰਨ ਲਈ ਬਿਲਾਸਪੁਰੋਂ ਪੀ ਆਰ ਟੀ ਸੀ ਦੀ ਬੱਸ ਵਿੱਚ ਚੜ੍ਹਿਆ ਤੇ ਡਰਾਈਵਰ ਦੇ ਨਾਲ ਦੀ ਫਰੰਟ ਸੀਟ 'ਤੇ ਬੈਠ ਗਿਆ। ਰਾਮਗੜ੍ਹੋਂ ਦੋ ਬਜ਼ੁਰਗ ਔਰਤਾਂ ਚੜ੍ਹੀਆਂ, 'ਲੈ ਭਾਈ, ਸੀਟ ਤਾਂ ਹੈਨੀ ਖਾਲੀ ਕੋਈ।' ਜੱਕੋ ਤੱਕੀ ਵਿੱਚ ਖੜੀਆਂ ਮਾਈਆਂ ਨੂੰ ਡਰਾਈਵਰ ਨੇ ਪੁੱਛਿਆ, 'ਮਾਈ ਜਾਣਾ ਕਿੱਥੇ ਆ।' ਉਨ੍ਹਾਂ ਬਰਨਾਲੇ ਜਾਣਾ ਸੀ। ਡਰਾਈਵਰ ਮੈਨੂੰ ਆਖਣ ਲੱਗਾ, 'ਤੂੰ ਉਰਾਂ ਆ ਜਾ ਛੋਟੂ ਇੰਜਣ ਉੱਤੇ, ਬਿਠਾ ਦੇ ਮਾਈਆਂ ਨੂੰ ਸੀਟ 'ਤੇ।' ਮੈਂ ਇੰਜਣ ਉੱਤੇ ਜਾ ਬੈਠਾ। ਟਿਕਟਾਂ ਕੱਟਦਾ ਕੰਡਕਟਰ ਪੁੱਛਣ ਲੱਗਾ, 'ਹਾਂ ਬਈ ਕਿਥੇ ਜਾਣਾ।' 'ਪਟਿਆਲੇ' ਆਖਣ 'ਤੇ ਮੇਰੇ ਵੱਲ ਬਿਨਾਂ ਦੇਖੇ ਡਰਾਈਵਰ ਮੁਸਕੜੀਏਂ ਹੱਸਦਾ ਕਹਿੰਦਾ, 'ਲੜ ਕੇ ਤਾਂ ਨੀ ਭੱਜਿਆ ਘਰੋਂ? ਹੋਰ ਤੇਰੇ ਘਰਦੇ ਮਗਰੋਂ ਸਾਨੂੰ ਖਿੱਚੀ ਫਿਰਨ।' ਡਰਾਈਵਰ ਦੀ ਗੱਲ ਸੁਣ ਕੇ ਮੇਰਾ ਹਾਸਾ ਨਿਕਲ ਗਿਆ, 'ਨਹੀਂ, ਨਹੀਂ, ਯੂਨੀਵਰਸਿਟੀ ਜਾਣਾ ਮੈਂ ਤਾਂ।'

ਬੱਸ ਪੱਖੋ ਕੈਂਚੀਆਂ ਪਹੁੰਚੀ ਤਾਂ ਸਵਾਰੀ ਕੋਈ ਨਹੀਂ ਸੀ। ਬੱਸ ਹੌਲੀ ਕਰਕੇ ਡਰਾਈਵਰ ਅੱਡੇ 'ਤੇ ਚਾਹ ਦੀ ਦੁਕਾਨ ਵਾਲੇ ਨੂੰ ਲਲਕਾਰਨ ਵਾਂਗ ਬੋਲਿਆ, 'ਚੜ੍ਹਾ'ਤੀਆਂ ਅੱਜ ਫੇਰ ਮਿੰਨੀ 'ਤੇ ਸਾਰੀਆਂ ਸਵਾਰੀਆਂ?' ਫਿਰ ਸ਼ੀਸ਼ੇ ਵਿੱਚੋਂ ਪਿੱਛੇ ਸਵਾਰੀਆਂ ਨੂੰ ਨਿਹਾਰਦੇ ਨੇ ਮੈਨੂੰ ਪੁੱਛਿਆ, 'ਤੂੰ ਬਿਲਾਸਪੁਰੋਂ ਆ ਛੋਟੂ?' 'ਹਾਂ' ਕਿਹਾ ਤਾਂ ਗੀਅਰ ਬਦਲਦਾ ਆਖਣ ਲੱਗਾ, 'ਥੋਡੇ ਪਿੰਡ ਆਲੇ ਕੀਤੂ ਦੀ ਪੂਰੀ ਚੜ੍ਹਾਈ ਆ ਬਈ, ਟਰੱਕ ਯੂਨੀਅਨ 'ਚ ਤਾਂ ਖੰਗਦਾ ਨੀ ਕੋਈ ਉਹਦੇ ਮੂਹਰੇ। ਬਰਨਾਲੇ ਕੇ ਲਾਣੇ ਨਾਲ ਲੋਟ ਆ ਉਹਦੀ।' ਡਰਾਈਵਰ ਦੀਆਂ ਗੱਲਾਂ ਵਾਂਗ ਫਰਾਟੇ ਮਾਰਦੀ ਬੱਸ ਬਰਨਾਲੇ ਅੱਡੇ 'ਚ ਕਾਊਂਟਰ 'ਤੇ ਜਾ ਲੱਗੀ। ਪੰਜ ਕੁ ਮਿੰਟ ਬਾਅਦ ਆ ਕੇ ਡਰਾਈਵਰ ਆਪਣੀ ਸੀਟ ਤੋਂ ਪਿੱਛੇ ਨੂੰ ਦੇਖ ਕੇ ਐਲਾਨ ਕਰਨ ਵਾਂਗ ਆਖਣ ਲੱਗਾ, 'ਸੰਗਰੂਰ ਅੰਦਰ ਨੀ ਜਾਣੀ ਬਾਈ, ਬਾਹਰੇ ਬਾਹਰ ਜਾਊ ਸਿੱਧੀ ਪਟਿਆਲੇ।'

ਮੈਂ ਡਰਾਈਵਰ ਦੇ ਐਨ ਪਿੱਛਲੀ ਸੀਟ 'ਤੇ ਬੈਠਾ ਸੀ। 'ਸੈਟ ਆਂ ਬਿਲਾਸਪੁਰੀਆ?' ਉਹਨੇ ਮੈਨੂੰ ਬਿਲਾਸਪੁਰੀਆ ਕਿਹਾ ਤਾਂ ਨਾਲ ਬੈਠਾ ਅੱਧਖੜ ਉਮਰ ਦਾ ਭਾਈ ਮੇਰੇ ਵੱਲ ਮੂੰਹ ਕਰਕੇ ਪੁੱਛਦਾ, 'ਸਾਡੀ ਵੀ ਰਿਸ਼ਤੇਦਾਰੀ ਆ ਉਥੇ ਦੂਰ ਦੀ, ਸ਼ੇਰ ਸਿਹੁੰ ਕੇ, ਜੀਹਦਾ ਭਾਈ ਕੌਰਾ ਅਮਰੀਕਾ ਗਿਆ। ਮੈਂ ਇਕ ਵਾਰ ਗਿਆ ਸੀ ਦੁਆਈ ਲੈਣ।' ਗੱਲਾਂ ਕਰਦੇ-ਕਰਦੇ ਮਸਤੂਆਣਾ ਆ ਗਿਆ। 'ਲਓ ਬਈ ਜੀਹਨੇ ਚਾਹ ਪਾਣੀ ਪੀਣਾ, ਪੀ ਲੋ ਥੱਲੇ ਉਤਰ ਕੇ, ਨਾਲੇ ਗੁਰੂ ਘਰ ਨੂੰ ਸਿਰ ਨਵਾਂ ਲੋ।' ਥੱਲੇ ਉਤਰਦਿਆਂ ਡਰਾਈਵਰ ਨੇ ਉਚੀ ਦੇਣੇ ਕਿਹਾ। ਮੈਂ ਵੀ ਉਤਰ ਗਿਆ। ਵਾਪਸ ਆਇਆ ਤਾਂ ਨਾਲ ਵਾਲਾ ਭਾਈ ਰੋਟੀ ਖਾਈ ਜਾਂਦਾ ਸੀ। ਉਹਨੇ ਅਚਾਰ ਨਾਲ ਇਕ ਰੋਟੀ ਮੈਨੂੰ ਵੀ ਫੜਾ ਦਿੱਤੀ, 'ਸ਼ਹਿਰ ਜਾ ਕੇ ਕੁਛ ਨਹੀਂ ਮਿਲਦਾ ਕਾਕਾ, ਖਾ ਲਾ ਖਾ ਲਾ। ਬਿਲਾਸਪੁਰੋਂ ਤਾਂ ਸਵਖਤੇ ਦਾ ਚੱਲਿਆ ਹੋਏਂਗਾ।' ਉਹਦੇ ਰੋਟੀ ਫੜਾਉਣ ਵਿੱਚ ਅਪਣੱਤ ਹੀ ਇੰਨੀ ਸੀ ਕਿ ਨਾਂਹ ਨਾ ਹੋਈ। ਪਿਛਲੀ ਸੀਟ 'ਤੇ ਬਜ਼ੁਰਗ ਜੋੜੀ ਬੈਠੀ ਸੀ। ਪਿੱਤਲ ਦਾ ਗਲਾਸ ਦੇ ਕੇ ਬੇਬੇ ਮੈਨੂੰ ਕਹਿੰਦੀ, 'ਪੁੱਤ ਸੱਜਰਾ ਪਾਣੀ ਭਰ ਲਿਆ ਅਹੁ ਨਲਕੇ ਤੋਂ।' ਮੈਂ ਛੇਤੀ-ਛੇਤੀ ਰੋਟੀ ਖਾ ਕੇ ਪਾਣੀ ਲੈਣ ਉਤਰਿਆ ਤਾਂ ਢਾਬੇ ਵੱਲੋਂ ਆਉਂਦਾ ਡਰਾਈਵਰ ਬੋਲਿਆ, 'ਕਰ ਲਾ ਸੇਵਾ ਬਿਲਾਸਪੁਰੀਆ, ਪਿਆਦੇ ਕੇਰਾਂ ਪਾਣੀ ਦਬਾਦਬ, ਚੱਲੀਏ ਫੇਰ।' ਜਦੋਂ ਨੂੰ ਮੈਂ ਪਾਣੀ ਭਰ ਕੇ ਲਿਆਇਆ ਤਾਂ ਮੇਰੇ ਨਾਲ ਵਾਲਾ ਭਾਈ, ਬਜ਼ੁਰਗ ਜੋੜੀ ਨਾਲ ਤਕੜੀ ਸਾਂਝ ਪਾਈ ਬੈਠਾ ਸੀ। ਮੈਂ ਵੀ ਉਨ੍ਹਾਂ ਨਾਲ ਗੱਲੀਂ ਲੱਗ ਗਿਆ। ਬਜ਼ੁਰਗ ਜੋੜੀ ਮਹਿਲ ਕਲਾਂ ਤੋਂ ਸੀ ਜੋ ਪੋਤਾ ਹੋਣ ਦੀ ਖੁਸ਼ੀ ਵਿੱਚ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਮੱਥਾ ਟੇਕਣ ਚਲੀ ਸੀ। ਮੇਰੇ ਨਾਲ ਬੈਠੇ ਭਾਈ ਦੀ ਕੁੜੀ ਦੇ ਰਿਸ਼ਤੇ ਦੀ ਗੱਲ ਉਨ੍ਹਾਂ ਦੇ ਪਿੰਡ ਮਹਿਲ ਕਲਾਂ ਚੱਲਦੀ ਸੀ, ਉਹ ਮੁੰਡੇ ਵਾਲਿਆਂ ਬਾਰੇ ਜਾਣਕਾਰੀ ਲੈਣ ਲੱਗ ਪਿਆ। ਮਾਤਾ ਕਹਿ ਰਹੀ ਸੀ, 'ਅੱਖਾਂ ਮੀਚ ਕੇ ਫੜਾ ਦੇ ਰੁਪੱਈਆ ਭਾਈ। ਲਾਟੂ ਲੈ ਕੇ ਲੱਭੇਂਗਾ ਤਾਂ ਵੀ ਨੀ ਲੱਭਣਾ ਇਹੋ ਜਾ ਮੁੰਡਾ। ਕੁੜੀ ਰਾਜ ਕਰੂ।' 'ਸਾਡੇ ਵੱਲੋਂ ਵੀ ਗੱਲ ਤਾਂ ਪੱਕੀ ਈ ਆ, ਬੱਸ ਟੱਬਰ ਵੱਡਾ ਕਰਕੇ ਅਸੀਂ ਡਰਦੇ ਸੀ।' 'ਲੈ ਵੱਡੇ ਟੱਬਰ ਦਾ ਤਾਂ ਭਾਅ ਹੁੰਦਾ ਭਾਈ, ਜਿਵੇਂ ਕਹਿੰਦੇ ਹੁੰਦੇ ਆ, ਬਈ ਜੀਆਂ ਨਾਲ ਈ ਬਰਕਤ ਹੁੰਦੀ ਆ ਘਰ 'ਚ।' ਮਾਤਾ ਨੇ ਉਹਦਾ ਮਨ ਪੱਕਾ ਕਰ ਦਿੱਤਾ ਸੀ।




ਭਵਾਨੀਗੜ੍ਹ ਟੱਪਦਿਆਂ ਕੱਚੇ ਰਾਹ ਦੇ ਸਾਹਮਣੇ ਬੱਸ ਇਕਦਮ ਰੁਕੀ। ਮੂਹਰਲੀ ਬਾਰੀ 'ਚੋਂ ਦੋ ਜੁਆਕਾਂ ਨਾਲ ਮਾਈ ਦੇ ਚੜ੍ਹਦਿਆਂ ਹੀ ਡਰਾਈਵਰ ਪੁੱਛਣ ਲੱਗਾ, 'ਕਿਵੇਂ ਆ ਮਾਈ ਪੋਤਾ ਠੀਕ ਆ ਹੁਣ ਤੇਰਾ?' ਗੋਡਿਆਂ 'ਤੇ ਹੱਥ ਧਰਦਿਆਂ ਲੰਮਾ ਸਾਹ ਲੈ ਕੇ ਮਾਈ ਕਹਿੰਦੀ, 'ਹਾਂ ਭਾਈ, ਠੀਕ ਆ ਹੁਣ ਤਾਂ। ਦੋ ਦਿਨ ਹੋਰ ਆਉਣਾ ਅਸੀਂ। ਤੇਰਾ ਭਲਾ ਹੋਵੇ ਭਾਈ ਬਠਾ ਲੈਨਾ ਸਾਨੂੰ।' 'ਕੋਈ ਨੀ ਮਾਤਾ ਸਭ ਠੀਕ ਹੋਜੂ। ਕੱਲ੍ਹ ਨੂੰ ਵੀ ਮੈਂ ਚੱਕ ਲੂੰ, ਪਰ ਪਰਸੋਂ ਮੇਰੀ ਰੈਸਟ ਆ। ਊਂ ਮੈਂ ਦੂਜੇ ਡਰੈਵਰ ਨੂੰ ਆਖ ਦੂੰ, ਬੱਸ ਦੇਖ ਕੇ ਦੂਰੋਂ ਹੱਥ ਖੜਾ ਕਰਦੀਂ।' ਮਾਈ ਨੂੰ ਹੌਸਲਾ ਦਿੰਦਿਆਂ ਡਰਾਈਵਰ ਨੇ ਮੈਨੂੰ ਆਵਾਜ਼ ਮਾਰੀ, 'ਆ ਜਾ ਉਰਾਂ ਬਿਲਾਸਪੁਰੀਆ ਇੰਜਣ 'ਤੇ, ਬਿਠਾ ਮਾਈ ਨੂੰ ਸੀਟ 'ਤੇ।' ਮੈਂ ਫੇਰ ਇੰਜਣ 'ਤੇ ਪੁੱਜ ਗਿਆ। ਪਟਿਆਲੇ ਰਾਜਿੰਦਰਾ ਹਸਪਤਾਲ ਸਾਹਮਣੇ ਉਤਰਦਿਆਂ ਮੇਰੇ ਨਾਲ ਦੇ ਭਾਈ ਨੇ ਕਿਹਾ, 'ਚੰਗਾ ਬਈ ਕਾਕੇ ਸਾਸਰੀ ਕਾਲ ਬੁਲਾਈ ਸ਼ੇਰ ਸਿਹੁੰ ਨੂੰ, ਆਖੀਂ ਧੌਲੇ ਤੋਂ ਅਰਜਨ ਸਿਹੁੰ ਮਿਲਿਆ ਸੀ।' ਸਵਾਰੀਆਂ ਉਤਰਦੀਆਂ ਗਈਆਂ, ਕੋਈ ਸ਼ੇਰਾਂ ਵਾਲੇ ਗੇਟ, ਕੋਈ ਫੁਆਰਾ ਚੌਕ, ਕੋਈ ਲਾਇਬਰੇਰੀ, ਕੋਈ ਮਾਤਾ ਰਾਣੀ ਮੰਦਰ। ਉਤਰਦੇ-ਉਤਰਦੇ ਇਕ ਦੂਜੇ ਨੂੰ ਇਸ ਤਰ੍ਹਾਂ ਫਤਿਹ ਬੁਲਾ ਰਹੇ ਸੀ, ਜਿਵੇਂ ਖਾਸ ਰਿਸ਼ਤੇਦਾਰੀ ਹੋਵੇ। ਮੈਨੂੰ ਬੱਸ ਵਿੱਚੋਂ ਉਤਰ ਕੇ ਲੱਗ ਰਿਹਾ ਸੀ, ਜਿਵੇਂ ਪਰਵਾਰ ਨਾਲੋਂ



## ਫ਼ਰੈਂਡਰਿਕ ਬੈਂਟਿੰਗ ਇੰਟਰਨੈਸ਼ਨਲ ਸਕੂਲ ਵਿਚ ਵਿਦਿਆਰਥੀਆਂ ਨੂੰ 'ਮੈਥ' ਕੈਲਕੂਲੇਟਰਾਂ ਤੋਂ ਬਿਨਾਂ ਪੜ੍ਹਾਇਆ ਜਾਂਦਾ ਹੈ ਤੇ ਡਰੱਗਜ਼ ਤੋਂ ਦੂਰ ਰੱਖਿਆ ਜਾਂਦਾ ਹੈ।

ਬਰੈਂਪਟਨ, -"ਫ਼ਰੈਂਡਰਿਕ ਬੈਂਟਿੰਗ ਸਕੂਲ ਵਿਚ ਐਲੀਮੈਂਟਰੀ ਮੈਥ ਕਲਾਸਾਂ ਵਿਚ ਅਸੀ ਕੈਲਕੂਲੇਟਰਾਂ ਦੀ ਵਰਤੋਂ ਦੀ ਬਿਲਕੁਲ ਮਨਾਹੀ ਹੈ ਅਤੇ ਵਿਦਿਆਰਥੀਆਂ ਨੂੰ ਕੈਨੇਡੀਅਨ ਤੇ ਅੰਤਰ-ਰਾਸ਼ਟਰੀ ਯੂਨੀਵਰਸਿਟੀਆਂ ਦੇ ਮਿਆਰਾਂ 'ਤੇ ਪੂਰਾ ਉਤਾਰਨ ਲਈ ਉਨ੍ਹਾਂ ਦੇ ਅੰਗਰੇਜ਼ੀ ਸ਼ਬਦ-ਭੰਡਾਰ ਵਿਚ ਵਾਧਾ ਕਰਨ ਲਈ ਅਸੀਂ 'ਆਈਵੀ ਲੀਗ ਵੋਕੈਬਲਰੀ ਲਿਸਟ' ਦੀ ਵਰਤੋਂ ਉੱਪਰ ਵਿਸ਼ੇਸ਼ ਜ਼ੋਰ ਦਿੰਦੇ ਹਾਂ।" ਇਹ ਸ਼ਬਦ ਹਨ ਐਫ਼.ਬੀ.ਆਈ. ਸਕੂਲ ਦੇ ਪ੍ਰਿੰਸੀਪਲ ਸੰਜੀਵ ਧਵਨ ਦੇ, ਜਿਹੜੇ ਕਿ ਗੁਰੂ ਤੇਗ਼ ਬਹਾਦਰ ਇੰਟਰਨੈਸ਼ਨਲ ਸਕੂਲ ਦੇ ਵੀ ਪ੍ਰਿੰਸੀਪਲ ਹਨ ਜਿਸ ਨੇ ਫ਼ਰੇਜ਼ਰ ਰਿਪੋਰਟ ਰੈਂਕਿੰਗ ਵਿਚ 10/10 ਅੰਕ ਲੈ ਕੇ ਆਪਣਾ ਵਿਸ਼ੇਸ਼ ਸਥਾਨ ਕਾਇਮ ਕੀਤਾ ਹੈ।

ਆਪਣੀ ਗੱਲ ਨੂੰ ਅੱਗੇ ਜਾਰੀ ਰੱਖਦਿਆਂ ਹੋਇਆਂ ਪ੍ਰਿੰ. ਧਵਨ ਨੇ ਦੱਸਿਆ ਕਿ ਸਮਾਰਟਫ਼ੋਨ ਵਿਦਿਆਰਥੀਆਂ ਅਤੇ ਅਧਿਆਪਕਾਂ ਦੋਹਾਂ ਨੂੰ ਹੀ ਇਕ ਦੂਸਰੇ ਤੋਂ ਦੂਰ ਕਰਦੇ ਹਨ। ਇਸ ਲਈ ਕਿੰਡਰਗਾਰਟਨ ਤੋਂ ਲੈ ਕੇ ਗਰੇਡ-12 ਤੱਕ ਸਾਰੇ ਹੀ ਵਿਦਿਆਰਥੀਆਂ ਨੂੰ ਸਕੂਲ ਵਿਚ ਆਪਣੇ ਫ਼ੋਨ ਬੰਦ ਰੱਖਣ ਦੀ ਸਖ਼ਤ ਹਿਦਾਇਤ ਹੈ। ਇਸ ਦੇ ਨਾਲ ਹੀ ਗਰੇਡ-8 ਤੋਂ ਹੇਠਲੀਆਂ ਕਲਾਸਾਂ ਦੇ ਵਿਦਿਆਰਥੀਆਂ ਨੂੰ ਮੈਥ ਦੀ ਕਿਸੇ ਵੀ ਪ੍ਰਕਾਰ ਦੀ ਕੈਲਕੂਸ਼ਨ ਲਈ ਕੈਲਕੂਲੇਟਰ ਵਰਤਣ ਦੀ ਆਗਿਆ ਨਹੀਂ ਹੈ। ਮੈਥ ਵਿਸ਼ੇ ਨੂੰ ਗੰਭੀਰਤਾ ਨਾਲ ਲੈਂਦਿਆਂ ਹੋਇਆਂ ਐਫ਼.ਬੀ.ਆਈ. ਸਕੂਲ ਨੇ ਇਸ ਨੂੰ ਵੱਖ-ਵੱਖ ਪੱਧਰ 'ਤੇ ਪੜ੍ਹਾਉਣ ਲਈ ਹਰੇਕ ਕਲਾਸ ਵਿਚ ਤਿੰਨ-ਤਿੰਨ ਅਧਿਆਪਕ ਨਿਯੁਕਤ ਕੀਤੇ ਹਨ। ਪਹਿਲਾ ਅਧਿਆਪਕ ਮੈਂਟਲ ਮੈਥ ਅਤੇ 'ਪਹਾੜਿਆਂ' (ਟੇਬਲਜ਼) ਵੱਲ ਧਿਆਨ ਦਿੰਦਾ ਹੈ, ਦੂਸਰਾ ਅਜੋਕੀ ਮਸ਼ਹੂਰ 'ਜੰਪ ਮੈਥ ਸਟਰੈਟਜੀ' ਦੀ ਸਹਾਇਤਾ ਨਾਲ ਵਿਦਿਆਰਥੀਆਂ ਨੂੰ ਮੈਥ ਦੇ ਵੱਖ-ਵੱਖ ਪਹਿਲੂਆਂ (ਕਨਸੈੱਪਟਸ) ਬਾਰੇ ਦੱਸਦਾ ਹੈ ਅਤੇ ਤੀਸਰਾ ਉਨ੍ਹਾਂ ਨੂੰ ਕੰਪਲੈਕਸ ਮੈਥੇਮੈਟੀਕਲ ਪਰੌਬਲਮਜ਼ ਦੇ ਹੱਲ ਬਾਰੇ ਜਾਣਕਾਰੀ ਦਿੰਦਾ ਹੈ। ਫ਼ਰੈਂਡਰਿਕ ਬੈਂਟਿੰਗ ਇੰਟਰਨੈਸ਼ਨਲ ਸਕੂਲ ਨੇ ਗੁਰੂ ਤੇਗ਼ ਬਹਾਦਰ ਇੰਟਰਨੈਸ਼ਨਲ ਸਕੂਲ ਦੇ ਕਰੀਕੁਲਮ ਅਤੇ ਉਸ ਦੀ ਪ੍ਰੰਪਰਗ਼ਤ ਸ਼ਾਨਦਾਰ ਵਿੱਦਿਅਕ ਪਹੁੰਚ ਨੂੰ ਅਪਨਾਇਆ ਹੈ। ਇੱਥੇ ਫ਼ਰੈਂਚ ਤੋਂ ਇਲਾਵਾ ਹੋਰ ਭਾਸ਼ਾਵਾਂ ਜਿਵੇਂ ਹਿੰਦੀ, ਪੰਜਾਬੀ, ਤਾਮਿਲ, ਰਸ਼ੀਅਨ, ਇਟਾਲੀਅਨ ਆਦਿ ਵੀ ਵਿਦਿਆਰਥੀਆਂ ਨੂੰ ਪੜ੍ਹਾਈਆਂ ਜਾਂਦੀਆਂ ਹਨ ਤਾਂ ਜੋ ਉਹ ਆਪਣੀਆਂ ਜੜ੍ਹਾਂ ਦੇ ਨਾਲ ਵੀ ਜੁੜੇ ਰਹਿਣ। ਪੜ੍ਹਾਈ ਦੇ ਨਾਲ ਨਾਲ ਧਵਨ ਸਾਹਿਬ ਆਪਣੇ ਦੋਹਾਂ ਸਕੂਲਾਂ ਵਿਚ ਵਿਦਿਆਰਥੀਆਂ ਦੀ ਸੁਰੱਖਿਆ ਦਾ ਪੂਰਾ ਖਿਆਲ ਰੱਖਦੇ ਹਨ। ਆਮ ਪਬਲਿਕ ਸਕੂਲਾਂ ਵਾਂਗ ਵਿਦਿਆਰਥੀਆਂ ਨੂੰ ਗਰਾਊਂਡਾਂ ਵਿਚ ਇਕੱਲਿਆਂ ਖੇਡਣ-ਮੱਲਣ ਲਈ ਨਹੀਂ ਛੱਡਿਆ ਜਾਂਦਾ, ਸਗੋਂ ਇਸ ਦੀ ਬਜਾਏ ਫ਼ਰੈਂਡਰਿਕ ਬੈਂਟਿੰਗ ਸਕੂਲ ਇਹ ਯਕੀਨੀ ਬਣਾਉਂਦਾ ਹੈ ਕਿ ਉਸ ਦੇ ਵਿਦਿਆਰਥੀ ਹਰ ਸਮੇਂ ਸੁਰੱਖ਼ਿਅਤ ਹੋਣ। ਦੋਹਾਂ ਹੀ ਸਕੂਲ ਕੈਂਪਸਾਂ ਵਿਚ ਵੀਡੀਓ ਅਤੇ ਆਡੀਓ ਸਰਵੇਅਲੈਂਸ ਦਾ ਪੂਰਾ ਪ੍ਰਬੰਧ ਹੈ ਅਤੇ ਵਿਦਿਆਰਥੀਆਂ ਨੂੰ ਸਾਰਾ ਦਿਨ ਸਕੂਲ ਵਿਚ ਹੀ ਰਹਿਣ ਦੀ ਸਖ਼ਤ ਹਿਦਾਇਤ ਹੈ। ਇਸ ਦੌਰਾਨ ਉਹ ਕਿਧਰੇ ਵੀ ਬਾਹਰ ਨਹੀਂ ਜਾ ਸਕਦੇ। ਧਵਨ ਸਾਹਿਬ ਅਨੁਸਾਰ ਇਸ ਤਰ੍ਹਾਂ ਵਿਦਿਆਰਥੀ ਡਰੱਗਜ਼ ਦੀ ਭੈੜੀ ਅਲਾਮਤ ਅਤੇ ਬੁਲਿੰਗ ਵਗ਼ੈਰਾ ਤੋਂ ਬਚੇ ਰਹਿੰਦੇ ਹਨ। ਹਿੰਸਾ, ਦੂਸਰੇ ਨੂੰ ਬਰਦਾਸ਼ਤ ਨਾ ਕਰਨਾ ਅਤੇ ਗ਼ੈਰ-ਕਾਨੂੰਨੀ ਵਸਤਾਂ ਲਈ ਐਫ਼.ਬੀ.ਆਈ. ਸਕੂਲ ਵਿਚ ਕੋਈ ਜਗ੍ਹਾ ਨਹੀਂ ਹੈ। ਇਸ ਸਕੂਲ ਵਿਚ ਵਿਦਿਆਰਥੀ ਕਲਾਸਾਂ ਦੇ ਕਮਰਿਆਂ ਦੇ ਅੰਦਰ ਅਤੇ ਬਾਹਰ ਸਕੂਲ ਦੇ ਵਿਹੜੇ ਵਿਚ ਦੋਹਾਂ ਥਾਵਾਂ 'ਤੇ ਹਰ ਵੇਲੇ ਅਧਿਆਪਕਾਂ ਦੀ ਨਿਗਾਹ ਹੇਠ ਰਹਿੰਦੇ ਹਨ। ਧਵਨ ਸਾਹਿਬ ਦੀ ਵਿਦਿਆਰਥੀਆਂ ਦੀ ਸੁਰੱਖਿਆ ਸਬੰਧੀ ਇਸ ਪਹੁੰਚ ਨਾਲ ਮਾਪੇ ਪੂਰੀ ਤਰ੍ਹਾਂ ਨਿਸ਼ਚਿੰਤ ਹਨ ਕਿ ਉਨ੍ਹਾਂ ਦੇ ਬੱਚੇ ਇੱਥੇ ਸਹੀ ਤਰੀਕੇ ਨਾਲ ਵਿੱਦਿਆ ਪ੍ਰਾਪਤ ਕਰ ਰਹੇ ਹਨ। ਸਕੂਲ ਵਿਚ ਹਮੇਸ਼ਾ ਅਜਿਹਾ ਮਾਹੌਲ ਕਾਇਮ ਰੱਖਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਬੱਚਿਆਂ ਦੇ ਬਹੁ-ਪੱਖੀ ਚਰਿੱਤਰ ਦਾ ਨਿਰਮਾਣ ਕੀਤਾ ਜਾਵੇ ਅਤੇ ਉਨ੍ਹਾਂ ਨੂੰ ਵਾਦ-ਵਿਵਾਦ ਵਾਲੇ ਵਾਤਾਵਰਣ ਤੋਂ ਦੂਰ ਹੀ ਰੱਖਿਆ ਜਾਏ।

ਹਾਲ ਵਿਚ ਹੀ ਹੋਏ ਇਕ ਸਰਵੇਖਣ ਵਿਚ ਇਹ ਗੱਲ ਉੱਭਰ ਕੇ ਸਾਹਮਣੇ ਆਈ ਹੈ ਕਿ ਬੀਤੇ ਕੁਝ ਸਾਲਾਂ ਵਿਚ ਓਨਟਾਰੀਓ ਦੇ 23% ਵਿਦਿਆਰਥੀਆਂ ਨੂੰ ਗ਼ੈਰ-ਸਮਾਜਿਕ ਅਨਸਰਾਂ ਵੱਲੋਂ ਨਸ਼ੀਲੇ ਪਦਾਰਥ ਪੇਸ਼ ਕੀਤੇ ਗਏ ਹਨ, ਵੇਚੇ ਗਏ ਹਨ ਜਾਂ ਇਹ ਉਨ੍ਹਾਂ ਨੂੰ ਮੁਫ਼ਤ ਸਪਲਾਈ ਕੀਤੇ ਗਏ ਹਨ। ਮੀਡੀਆਂ ਵਿਚ ਜੱਗ ਜ਼ਾਹਿਰ ਹੋਈਆ ਰਿਪੋਰਟਾਂ ਅਨੁਸਾਰ ਨਸ਼ੀਲੇ ਪਦਾਰਥਾਂ ਦੀ ਇਹ ਲਾਹਨਤ ਕੈਨੇਡਾ ਦੇ ਹੈੱਲਥ ਕੇਅਰ ਸਿਸਟਮ ਨੂੰ 8 ਬਿਲੀਅਨ ਡਾਲਰਾਂ ਵਿਚ ਪਈ ਹੈ। ਫ਼ਰੈਂਡਰਿਕ ਬੈਂਟਿੰਗ ਸਕੂਲ ਅੱਜਕੱਲ੍ਹ ਅਕਾਦਮਿਕ ਸਾਲ 2018-19 ਲਈ ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ ਸਵੀਕਾਰ ਕਰ ਰਿਹਾ ਹੈ। ਪ੍ਰਿੰਸੀਪਲ ਧਵਨ ਦੇ ਪਹਿਲੇ ਸਕੂਲ ਗੁਰੂ ਤੇਗ਼ ਬਹਾਦਰ ਇੰਟਰਨੈਸ਼ਲ ਸਕੂਲ, ਜਿਸ ਨੂੰ ਫ਼ਰੇਜ਼ਰ ਰਿਪੋਰਟ ਅਨੁਸਾਰ ਮਿਲੇ 10/10 ਅੰਕਾਂ ਨਾਲ ਓਨਟਾਰੀਓ ਦੇ 3064 ਸਕੂਲਾਂ ਵਿੱਚੋਂ ਪਹਿਲਾ ਦਰਜਾ ਪ੍ਰਾਪਤ ਹੋਇਆ ਹੈ, ਦੇ ਵਿਦਿਆਰਥੀਆਂ ਅਤੇ ਸਟਾਫ਼ ਦੋਹਾਂ ਦੀ ਮਿਹਨਤ ਸਦਕਾ ਮਿਲੀ ਭਾਰੀ ਸਫ਼ਲਤਾ ਕਾਰਨ ਇਸ ਸਕੂਲ ਵਿਚ ਵੀ ਵਿਦਿਅਰਥੀਆਂ ਲਈ ਨਿਸ਼ਚਿਤ ਸੀਟਾਂ ਬੜੀ ਤੇਜ਼ੀ ਨਾਲ ਭਰੀਆਂ ਜਾ ਰਹੀਆਂ ਹਨ। ਹਰੇਕ ਕਲਾਸ ਵਿਚ ਵਿਦਿਆਰਥੀਆਂ ਦੀ ਸੀਮਤ (ਵੱਧ ਤੋਂ ਵੱਧ 19) ਗਿਣਤੀ ਦੇ ਕਾਰਨ ਉਨ੍ਹਾਂ ਵੱਲ ਵੱਧ ਤੋਂ ਵੱਧ ਨਿੰਜੀ ਧਿਆਨ ਦਿੱਤਾ ਜਾਂਦਾ ਹੈ ਅਤੇ ਮਿਆਰੀ ਵਿੱਦਿਆ ਪ੍ਰਦਾਨ ਕੀਤੀ ਜਾਂਦੀ ਹੈ। ਇਹੀ ਕਾਰਨ ਹੈ ਕਿ ਸਮਾਜ ਦੇ ਹਰੇਕ ਵਰਗ ਦੇ ਵਿਦਿਆਰਥੀ ਇੱਥੇ ਦਾਖ਼ਲਾ ਲੈਣ ਲਈ ਧੜਾਧੜ ਆ ਰਹੇ ਹਨ।ਇਸ ਦੇ ਨਾਲ ਹੀ ਧਵਨ ਸਾਹਿਬ ਨੇ ਦੱਸਿਆ ਕਿ ਗਰੇਡ-12 ਦੇ ਸਾਰੇ ਵਿਦਿਆਰਥੀਆਂ ਨੂੰ ਕੈਨੇਡਾ ਦੀਆਂ ਸਿਖ਼ਰਲੀਆਂ ਯੂਨੀਵਸਿਟੀਆਂ ਵਿਚ 'ਅਰਲੀ ਐਕਸੈੱਪਟੈਂਸ' ਮਿਲੀ ਹੈ ਅਤੇ ਉਨ੍ਹਾਂ ਵਿੱਚੋਂ ਦੋ ਨੂੰ ਯੂ.ਐੱਸ.ਏ ਅਤੇ ਦੋ ਹੋਰਨਾਂ ਨੂੰ ਯੂ.ਕੇ. ਦੀਆਂ ਉਚੇਰੀਆਂ ਵਿੱਦਿਅਕ ਸੰਸਥਾਵਾਂ ਵਿਚ ਦਾਖ਼ਲੇ ਪ੍ਰਾਪਤ ਹੋਏ ਹਨ। ਇਨ੍ਹਾਂ ਅੰਤਰ-ਰਾਸ਼ਟਰੀ ਸੰਸਥਾਵਾਂ ਵਿਚ ਐਡਮਿਸ਼ਨ ਲੈਣ ਲਈ ਵਿਦਿਆਰਥੀਆਂ ਦੀ ਵਿੱਦਿਅਕ ਅਤੇ ਉਦੇਸ਼ਕ ਯੋਗਤਾ ਪਰਖਣ ਲਈ ਉਨ੍ਹਾਂ ਵੱਲੋਂ ਆਪਣੇ ਤੌਰ 'ਤੇ ਆਜ਼ਾਦਾਨਾ ਮਿਆਰੀ ਟੈੱਸਟ ਲਏ ਜਾਂਦੇ ਹਨ ਅਤੇ ਉਨ੍ਹਾਂ ਦੇ ਸਕੂਲ ਲਈ ਇਹ ਬੜੇ ਮਾਣ ਮਾਲੀ ਗੱਲ ਹੈ ਕਿ ਉਸ ਦੇ ਵਿਦਿਆਰਥੀ ਉਨ੍ਹਾਂ ਦੇ ਇਨ੍ਹਾਂ ਮਿਆਰਾਂ 'ਤੇ ਪੂਰੇ ਉੱਤਰੇ ਹਨ।

ਇਸ ਸਬੰਧੀ ਵਧੇਰੇ ਜਾਣਕਾਰੀ ਸਕੂਲ ਦੀ ਵੈੱਬਸਾਈਟ ਤੋਂ ਜਾਂ ਸਕੂਲ ਦੇ ਫ਼ੋਨ ਨੰ: +1 905-791-4600 'ਤੇ ਕਾਲ ਕਰਕੇ ਜਾਂ Email: info@fbs.school 'ਤੇ ਮੇਲ ਕਰਕੇ ਪ੍ਰਾਪਤ ਕੀਤੀ ਜਾ ਸਕਦੀ ਹੈ।

## ਹਰਪ੍ਰੀਤ ਸਿੰਘ ਸਿੱਧੂ ਨੂੰ ਮੁੱਖ ਮੰਤਰੀ ਦਫਤਰ ਤੋਂ ਮਿਲੀ ਜ਼ਿੰਮੇਵਾਰੀ ਦੇ ਹੁਕਮ ਜਾਰੀ

ਚੰਡੀਗੜ੍ਹ, 19 ਸਤੰਬਰ (ਪੋਸਟ ਬਿਊਰੋ)- ਪੰਜਾਬ ਸਰਕਾਰ ਵੱਲੋਂ ਹਾਲ ਹੀ ਵਿੱਚ ਮੁੱਖ ਮੰਤਰੀ ਦੇ ਸਪੈਸ਼ਲ ਪ੍ਰਿੰਸੀਪਲ ਸੈਕਟਰੀ ਨਿਯੁਕਤ ਕੀਤੇ ਗਏ ਆਈ ਪੀ ਐਸ ਅਧਿਕਾਰੀ ਹਰਪ੍ਰੀਤ ਸਿੰਘ ਸਿੱਧੂ ਨੂੰ ਕੰਮ ਦੀ ਜ਼ਿੰਮੇਵਾਰੀ ਦੇ ਦਿੱਤੀ ਗਈ ਹੈ। ਮੁੱਖ ਮੰਤਰੀ ਦੇ ਚੀਫ ਪ੍ਰਿੰਸੀਪਲ ਸੈਕਟਰੀ ਸੁਰੇਸ਼ ਕੁਮਾਰ ਵੱਲੋਂ ਜਾਰੀ ਹੁਕਮਾਂ ਅਨੁਸਾਰ ਸਿੱਧੂ ਪੰਜਾਬ ਵਿੱਚ ਪੁਲਸ ਸੁਧਾਰ ਸਮੇਤ ਕਈ ਅਹਿਮ ਮੁੱਦਿਆਂ 'ਤੇ ਕੰਮ ਕਰਨਗੇ ਤੇ ਆਪਣੀ ਰਾਏ ਮੁੱਖ ਮੰਤਰੀ ਨੂੰ ਦੇਣਗੇ।

ਇਸ ਸੰਬੰਧ ਵਿੱਚ ਜਾਰੀ ਕੀਤੇ ਗਏ ਹੁਕਮ 'ਚ ਹਰਪ੍ਰੀਤ ਸਿੰਘ ਸਿੱਧੂ ਨੂੰ ਪੁਲਸ ਸੁਧਾਰ, ਜੇਲ੍ਹ ਸੁਧਾਰ, ਰਾਜ ਵਿੱਚ ਨਸ਼ਿਆਂ ਖਿਲਾਫ ਚਲਾਏ ਜਾਣ ਵਾਲੇ ਪ੍ਰੋਗਰਾਮ ਸਮੇਤ ਡੇਪੋ ਪ੍ਰੋਗਰਾਮ, ਰਾਜ ਡਰੱਗ ਕੰਟਰੋਲ ਬੋਰਡ, ਸਿਹਤ ਵਿਭਾਗ ਦਾ ਓ ਓ ਏ ਟੀ ਪ੍ਰੋਗਰਾਮ, ਕੇਂਦਰੀ ਪੁਲਸ ਸੰਸਥਾ (ਸੀ ਪੀ ਓਜ਼) ਨਾਲ ਸੰਪਰਕ ਰੱਖਣ ਤੋਂ ਇਲਾਵਾ ਮੁੱਖ ਮੰਤਰੀ ਵੱਲੋਂ ਸੌਂਪੇ ਜਾਣ ਵਾਲੇ ਅਹਿਮ ਕੰਮ ਕਰਨ ਸਬੰਧੀ ਲਿਖਿਆ ਗਿਆ ਹੈ। ਵਰਨਣ ਯੋਗ ਹੈ ਕਿ ਹਰਪ੍ਰੀਤ ਸਿੰਘ ਸਿੱਧੂ ਏ ਡੀ ਜੀ ਪੀ ਪੱਧਰ ਦੇ ਪੁਲਸ ਅਧਿਕਾਰੀ ਹਨ, ਜਿਨ੍ਹਾਂ ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਿਸ਼ੇਸ਼ ਤੌਰ 'ਤੇ ਸੂਬੇ 'ਚ ਨਸ਼ਿਆਂ ਦੇ ਖਾਤਮੇ ਲਈ ਲੈ ਕੇ ਆਏ ਸਨ ਅਤੇ ਸਰਕਾਰ ਵੱਲੋਂ ਗਠਿਤ ਕੀਤੀ ਐਸ ਟੀ ਐਫ ਦਾ ਮੁਖੀ ਲਾਇਆ ਗਿਆ ਸੀ। ਪੁਲਸ ਦੇ ਅੰਦਰਲੀ ਖਾਨਾਜੰਗੀ ਨੂੰ ਸ਼ਾਂਤ ਕਰਨ ਲਈ ਸਰਕਾਰ ਵੱਲੋਂ ਸਿੱਧੂ ਨੂੰ ਮੁੱਖ ਮੰਤਰੀ ਦਾ ਸਪੈਸ਼ਲ ਪ੍ਰਿੰਸੀਪਲ ਸੈਕਟਰੀ ਲਾ ਕੇ ਉਨ੍ਹਾਂ ਦੀ ਜਗ੍ਹਾ ਮੁਹੰਮਦ ਮੁਸਤਫਾ ਨੂੰ ਐਸ ਟੀ ਐਫ ਦਾ ਮੁਖੀ ਲਾ ਦਿੱਤਾ ਗਿਆ ਹੈ।

## ਬਾਦਲ ਸਿਰਫ ਲੰਬੀ ਨੂੰ ਆਪਣਾ ਮੰਨਦੇ ਹਨ, ਪੰਜਾਬ ਦਾ ਉਨ੍ਹਾਂ ਨੂੰ ਫਿਕਰ ਹੀ ਨਹੀਂ : ਅਮਰਿੰਦਰ

ਜਲੰਧਰ, 19 ਸਤੰਬਰ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਕਹਿਣਾ ਹੈ ਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪੰਜਾਬ ਸਰਕਾਰ ਤੋਂ ਸਿਰਫ ਲੰਬੀ ਦੇ ਵਿਕਾਸ ਲਈ ਤੋਹਫਿਆਂ ਦੀ ਮੰਗ ਕਰਨ ਦੇ ਨਾਲ ਆਪਣੇ ਨਿੱਜੀ ਸੁਆਰਥਾਂ ਨੂੰ ਹੀ ਫਿਰ ਜ਼ਾਹਰ ਕੀਤਾ ਹੈ, ਉਨ੍ਹਾਂ ਨੂੰ ਬਾਕੀ ਪੰਜਾਬ ਦੀ ਚਿੰਤਾ ਨਹੀਂ। ਵਰਨਣ ਯੋਗ ਹੈ ਕਿ ਮੁੱਖ ਮੰਤਰੀ ਅਮਰਿੰਦਰ ਸਿੰਘ ਵੱਲੋਂ ਲੰਬੀ ਵਿੱਚ ਰੈਲੀ ਕਰਨ ਦੇ ਐਲਾਨ ਤੋਂ ਬਾਅਦ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਸੀ ਕਿ ਕੈਪਟਨ ਅਮਰਿੰਦਰ ਸਿੰਘ ਲੰਬੀ ਹਲਕੇ ਲਈ ਤੋਹਫੇ ਰੂਪੀ ਗਰਾਂਟਾਂ ਦਾ ਐਲਾਨ ਕਰਨ ਤੋਂ ਬਾਅਦ ਹੀ ਲੰਬੀ ਵਿੱਚ ਆਣ ਕੇ ਰੈਲੀ ਕਰਨ। ਕੈਪਟਨ ਅਮਰਿੰਦਰ ਸਿੰਘ ਨੇ ਬਾਦਲ ਦੇ ਬਿਆਨ ਦੇ ਜਵਾਬ ਵਿੱਚ ਕਿਹਾ ਕਿ ਉਸ ਨੇ 10 ਸਾਲ ਮੁੱਖ ਮੰਤਰੀ ਹੁੰਦਿਆਂ



ਇਹ ਗੱਲ ਕਦੀ ਵੀ ਧਿਆਨ ਵਿੱਚ ਨਹੀਂ ਰੱਖੀ ਕਿ ਉਹ ਸਿਰਫ ਲੰਬੀ ਦੇ ਹੀ ਨਹੀਂ, ਪੂਰੇ ਪੰਜਾਬ ਦੇ ਮੁੱਖ ਮੰਤਰੀ ਹਨ। ਅਮਰਿੰਦਰ ਸਿੰਘ ਨੇ ਕਿਹਾ ਕਿ ਬਾਦਲ ਸਿਰਫ ਲੰਬੀ ਨੂੰ ਆਪਣਾ ਵਿਧਾਨ ਸਭਾ ਖੇਤਰ ਮੰਨਦੇ ਹਨ, ਇਸ ਨਾਲ ਬਾਦਲ ਦੀ ਨਿੱਜੀ ਲਾਲਸਾ ਵੀ ਜਗ ਜ਼ਾਹਿਰ ਹੁੰਦੀ ਅਤੇ ਇਹ ਪਤਾ ਲੱਗਦਾ ਹੈ ਕਿ ਉਸ ਨੇ 10 ਸਾਲਾਂ ਵਿੱਚ ਲੰਬੀ ਨੂੰ ਛੱਡ ਕੇ ਬਾਕੀ ਪੰਜਾਬ ਦੇ ਵਿਕਾਸ ਵੱਲ ਧਿਆਨ ਨਹੀਂ ਦਿੱਤਾ।

ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਿਹਾ ਕਿ ਪਿਛਲੇ 18 ਮਹੀਨਿਆਂ ਵਿੱਚ ਬਾਦਲ ਨੇ ਸਰਕਾਰ ਤੋਂ ਸਾਰੇ ਪੰਜਾਬ ਦੇ ਕਿਸੇ ਵੀ ਹੋਰ ਖੇਤਰ ਲਈ ਗ੍ਰਾਂਟਾਂ ਦੀ ਮੰਗ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਉਹ ਜਲਦੀ ਹੀ ਲੰਬੀ ਹਲਕੇ ਵਿੱਚ ਜਾਣਗੇ ਤੇ ਉਸ ਖੇਤਰ ਵਿੱਚ ਵੀ ਵਿਕਾਸ ਦੀਆਂ ਮੰਗਾਂ ਨੂੰ ਵੀ ਪੂਰਾ ਕਰਨਗੇ, ਪਰ ਉਨ੍ਹਾਂ ਦਾ ਧਿਆਨ ਸਿਰਫ ਲੰਬੀ ਤੱਕ ਸੀਮਿਤ ਨਹੀਂ ਹੋਵੇਗਾ, ਸਗੋਂ ਉਹ ਪੂਰੇ ਪੰਜਾਬ ਦਾ ਵਿਕਾਸ ਚਾਹੁੰਦੇ ਹਨ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਸੱਤਾ ਹਾਸਲ ਕਰਨ ਤੋਂ ਬਾਅਦ ਉਨ੍ਹਾਂ ਦੀ ਸਰਕਾਰ ਨੇ 117 ਫੈਸਲੇ ਲਏ ਸਨ, ਜੋ ਕਾਂਗਰਸ ਚੋਣ ਐਲਾਨ ਪੱਤਰ ਦਾ ਹਿੱਸਾ ਸਨ। ਇਨ੍ਹਾਂ ਵਿੱਚੋਂ ਸੱਤਰ ਫੈਸਲਿਆਂ ਨੂੰ ਲਾਗੂ ਕਰ ਦਿੱਤਾ ਹੈ, 11 ਨੂੰ ਲਾਗੂ ਕਰਨ ਦਾ ਕੰਮ ਹੋ ਰਿਹਾ ਹੈ। ਉਨ੍ਹਾਂ ਬਾਦਲ ਕੋਲੋਂ ਪੁੱਛਿਆ ਕਿ 2012 ਵਿੱਚ ਸੱਤਾ ਵਿੱਚ ਆਉਣ ਪਿੱਛੋਂ ਉਨ੍ਹਾਂ ਦੀ ਸਰਕਾਰ ਨੇ ਕਿੰਨੇ ਚੋਣ ਵਾਅਦੇ ਪੂਰੇ ਕੀਤੇ ਸਨ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਨੇ ਤਿੰਨ ਲੱਖ ਕਿਸਾਨਾਂ ਦੇ 1735 ਕਰੋੜ ਰੁਪਏ ਮੁਆਫ ਕਰ ਦਿੱਤੇ ਹਨ, ਜਲਦੀ ਹੀ ਛੋਟੇ ਕਿਸਾਨਾਂ ਲਈ 314 ਕਰੋੜ ਰੁਪਏ ਹੋਰ ਰਿਲੀਜ਼ ਕਰ ਦੇਣੇ ਹਨ। ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਸੱਤਾ ਦੇ ਪਹਿਲੇ ਸਾਲ ਸੰਪਰਕ ਸੜਕਾਂ ਦੀ ਮੁਰੰਮਤ ਲਈ ਸਭ ਤੋਂ ਵੱਡੀ ਮੁਹਿੰਮ ਸ਼ੁਰੂ ਕੀਤੀ, ਜਿਸ ਨਾਲ 16 ਹਜ਼ਾਰ ਕਿਲੋਮੀਟਰ ਸੜਕਾਂ ਦੀ ਮੁਰੰਮਤ ਲਈ 2000 ਕਰੋੜ ਰੁਪਏ ਖਰਚੇ। ਪਹਿਲੀ ਵਾਰ ਕਾਂਗਰਸ ਸਰਕਾਰ ਨੇ ਰੋਜ਼ਗਾਰ ਦੀ ਦਿਸ਼ਾ ਵਿੱਚ ਵੱਡਾ ਕਦਮ ਚੁੱਕਦਿਆਂ ਹਰੇਕ ਘਰ ਵਿੱਚ ਇੱਕ ਮੈਂਬਰ ਨੂੰ ਰੋਜ਼ਗਾਰ ਦੇਣ ਦੀ ਮੁਹਿੰਮ ਸ਼ੁਰੂ ਕੀਤੀ ਤੇ ਦੋ ਲੱਖ ਲੋਕਾਂ ਨੂੰ ਰੋਜ਼ਗਾਰ ਦਿੱਤਾ ਹੈ, ਜਲਦੀ ਹੀ 95 ਹਜ਼ਾਰ ਨਵੀਆਂ ਨੌਕਰੀਆਂ ਪੈਦਾ ਕੀਤੀਆਂ ਜਾਣਗੀਆਂ।

## ਅਮੀਰ ਕਿਸਾਨਾਂ ਨੂੰ ਟਿਊਬਵੈੱਲ ਦੀ ਸਬਸਿਡੀ ਵਾਪਸ ਕਿਉਂ ਨਹੀਂ ਲਈ : ਹਾਈ ਕੋਰਟ

ਚੰਡੀਗੜ੍ਹ, 19 ਸਤੰਬਰ (ਪੋਸਟ ਬਿਊਰੋ)- ਪੰਜਾਬ ਸਰਕਾਰ ਵੱਲੋਂ ਕਿਸਾਨਾਂ ਨੂੰ ਖੇਤੀ ਜ਼ਮੀਨ 'ਤੇ ਲੱਗੇ ਟਿਊਬਵੈੱਲ ਦੇ ਬਿਜਲੀ ਕੁਨੈਕਸ਼ਨ 'ਤੇ ਸਬਸਿਡੀ ਦੇਣ ਦੇ ਕੇਸ ਵਿੱਚ ਹਾਈ ਕੋਰਟ ਨੇ ਸਖਤ ਰੁਖ਼ ਅਪਣਾਉਂਦੇ ਹੋਏ ਕਿਹਾ ਕਿ ਅਮੀਰ ਕਿਸਾਨਾਂ ਨੂੰ ਇਹ ਸਬਸਿਡੀ ਕਿਉਂ ਦਿੱਤੀ ਜਾਂਦੀ ਹੈ? ਇਹ ਸਰਕਾਰ ਵਾਪਸ ਕਿਉਂ ਨਹੀਂ ਲੈਂਦੀ, ਹਾਈ ਕੋਰਟ ਨੇ ਇਸ ਕੇਸ ਵਿੱਚ ਪੰਜਾਬ ਦੇ ਨਾਲ ਹਰਿਆਣਾ ਸਰਕਾਰ ਨੂੰ ਵੀ ਅਮੀਰ ਕਿਸਾਨਾਂ ਨੂੰ ਟਿਊਬਵੈੱਲ 'ਤੇ ਦਿੱਤੀ ਜਾਂਦੀ ਸਬਸਿਡੀ ਬਾਰੇ ਅਗਲੀ ਸੁਣਵਾਈ 'ਤੇ ਜਾਣਕਾਰੀ ਦੇਣ ਦੇ ਹੁਕਮ ਦਿੱਤੇ ਹਨ।

ਚੀਫ ਜਸਟਿਸ ਕ੍ਰਿਸ਼ਨਾ ਮੁਰਾਰੀ ਅਤੇ ਜਸਟਿਸ ਅਰੁਣ ਪੱਲੀ ਦੀ ਬੈਂਚ ਨੇ ਇਹ ਹੁਕਮ ਇਸ ਬਾਰੇ ਐਡਵੋਕੇਟ ਐੱਚ ਸੀ ਅਰੋੜਾ ਵੱਲੋਂ ਦਾਇਰ ਜਨਹਿਤ ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ ਦਿੱਤੇ ਹਨ। ਕੱਲ੍ਹ ਸੁਣਵਾਈ ਦੌਰਾਨ ਇੱਕ ਵਾਰ ਫਿਰ ਜਦ ਪੰਜਾਬ ਸਰਕਾਰ ਨੇ ਕਿਹਾ ਕਿ ਜਿਸ ਨੀਤੀ ਹੇਠ ਕਿਸਾਨਾਂ ਨੂੰ ਖੇਤਾਂ ਵਿੱਚ ਪੰਪ ਸੈਟ ਲਈ ਮੁਫਤ ਬਿਜਲੀ ਦਿੱਤੀ ਜਾਂਦੀ ਹੈ, ਉਸ ਵਿੱਚ ਅਮੀਰ ਅਤੇ ਗਰੀਬ ਦਾ ਫਰਕ ਨਹੀਂ ਰੱਖਿਆ ਗਿਆ। ਇਸ ਦੇ ਬਾਵਜੂਦ ਪੀ ਐੱਸ ਪੀ ਸੀ ਐੱਲ ਨੇ 23 ਫਰਵਰੀ ਨੂੰ ਇੱਕ ਸਰਕੂਲਰ ਜਾਰੀ ਕਰ ਕੇ ਕਿਹਾ ਕਿ ਜੇ ਕੋਈ ਕਿਸਾਨ ਇਸ ਸਬਸਿਡੀ ਨੂੰ ਛੱਡਣਾ ਚਾਹੁੰਦਾ ਹੈ ਤਾਂ ਛੱਡ ਸਕਦਾ ਹੈ। ਇਸ 'ਤੇ ਹਾਈ ਕੋਰਟ ਨੇ




ਸਖਤੀ ਨਾਲ ਕਿਹਾ ਕਿ ਇਸ ਨੂੰ ਕਿਸੇ ਦੀ ਇੱਛਾ 'ਤੇ ਨਹੀਂ ਛੱਡਿਆ ਜਾ ਸਕਦਾ, ਇਸ ਬਾਰੇ ਸਰਕਾਰ ਕਾਰਵਾਈ ਕਰ ਕੇ ਇਹ ਸਬਸਿਡੀ ਵਾਪਸ ਲੈ ਸਕਦੀ ਹੈ।

ਇਸ ਪਟੀਸ਼ਨ ਵਿੱਚ ਐਚ ਸੀ ਅਰੋੜਾ ਨੇ ਕਿਹਾ ਕਿ 2016-17 ਵਿੱਚ ਟਿਊਬਵੈੱਲਾਂ ਲਈ ਮੁਫਤ ਬਿਜਲੀ ਦੇਣ ਕਾਰਨ ਸਰਕਾਰ ਨੂੰ 6113 ਕਰੋੜ ਰੁਪਏ ਪੀ ਐੱਸ ਪੀ ਸੀ ਐੱਲ ਨੂੰ ਦੇਣੇ ਪਏ ਸਨ, ਜਦ ਕਿ ਇਨ੍ਹਾਂ ਨੇਤਾਵਾਂ ਸਮੇਤ ਹੋਰ ਨੇਤਾ ਅਤੇ ਅਫਸਰ ਵੀ ਆਪਣੇ ਖੇਤਾਂ ਵਿੱਚ ਮੁਫਤ ਬਿਜਲੀ ਦੀ ਵਰਤੋਂ ਕਰਦੇ ਹਨ। ਅਰੋੜਾ ਨੇ ਮੰਗ ਕੀਤੀ ਹੈ ਕਿ ਅਜਿਹੇ ਅਮੀਰ ਕਿਸਾਨਾਂ, ਜਿਨ੍ਹਾਂ ਵਿੱਚ ਮੁੱਖ ਮੰਤਰੀ, ਦੂਸਰੇ ਮੰਤਰੀ ਅਤੇ ਸਾਬਕਾ ਮੰਤਰੀ, ਆਈ ਏ ਐੱਸ ਅਤੇ ਆਈ ਪੀ ਐੱਸ ਅਫਸਰ ਸ਼ਾਮਲ ਹਨ, ਨੂੰ ਇਸ ਸਬਸਿਡੀ ਦਾ ਲਾਭ ਨਹੀਂ ਦੇਣਾ ਚਾਹੀਦਾ। ਇਹ ਸਬਸਿਡੀ ਸਿਰਫ ਗਰੀਬ ਅਤੇ ਲੋੜਵੰਦ ਕਿਸਾਨਾਂ ਨੂੰ ਮਿਲਣੀ ਚਾਹੀਦੀ ਹੈ। ਇਨ੍ਹਾਂ ਨੂੰ ਮਿਲਦੀ ਸਬਸਿਡੀ ਬੰਦ ਕੀਤੀ ਜਾਣੀ ਚਾਹੀਦੀ ਹੈ।

## ਲੋਕਾਂ ਵੱਲੋਂ ਵਿਰੋਧ ਹੁੰਦਾ ਵੇਖ ਕੇ ਸਾਬਕਾ ਮੰਤਰੀ ਰੱਖੜਾ ਕਾਰ ਵੀ ਛੱਡ ਕੇ ਖਿਸਕੇ

ਪਟਿਆਲਾ, 19 ਸਤੰਬਰ (ਪੋਸਟ ਬਿਊਰੋ)- ਬਲਾਕ ਸੰਮਤੀ ਤੇ ਜ਼ਿਲਾ ਪ੍ਰੀਸ਼ਦ ਚੋਣ ਤੋਂ ਇਕ ਦਿਨ ਪਹਿਲਾਂ ਵੋਟਾਂ ਸਬੰਧੀ ਪਿੰਡ ਸ਼ੇਰ ਮਾਜਰਾ ਪੁੱਜੇ ਸੀਨੀਅਰ ਅਕਾਲੀ ਆਗੂ ਅਤੇ ਸਾਬਕਾ ਕੈਬਨਿਟ ਮੰਤਰੀ ਸੁਰਜੀਤ ਸਿੰਘ ਰੱਖੜਾ ਦਾ ਲੋਕਾਂ ਨੇ ਕਾਲੀਆਂ ਝੰਡੀਆਂ ਦਿਖਾ ਕੇ ਵਿਰੋਧ ਕੀਤਾ। ਲੋਕਾਂ ਦੇ ਰੋਹ ਨੂੰ ਦੇਖਦਿਆਂ ਸਾਬਕਾ ਮੰਤਰੀ ਰੱਖੜਾ ਆਪਣੀ ਫਾਰਚੂਨਰ ਕਾਰ ਛੱਡ ਕੇ ਅੱਗੇ ਤੁਰ ਪਏ ਤੇ ਮੁੜ ਕੇ ਵੀ ਨਹੀਂ ਸੀ ਦੇਖਿਆ। ਪਿੰਡ ਸ਼ੇਰ ਮਾਜਰਾ ਵਿਖੇ ਵਾਪਰੀ ਇਸ ਘਟਨਾ ਦੀ ਵੀਡੀਓ ਦੇਰ ਸ਼ਾਮ ਤੱਕ ਸੋਸ਼ਲ ਮੀਡੀਆ 'ਤੇ ਚਰਚਾ ਦਾ ਵਿਸ਼ਾ ਬਣੀ ਰਹੀ, ਪਰ ਰੱਖੜਾ ਨੇ ਇਸ ਨੂੰ ਪਿੰਡ ਦੀਆਂ ਦੋ ਧਿਰਾਂ ਦਾ ਆਪਸੀ ਝਗੜਾ ਦੱਸ ਕੇ ਪੱਲਾ ਝਾੜ ਲਿਆ।

ਕੱਲ੍ਹ ਬਾਅਦ ਦੁਪਹਿਰ ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਆਪਣੀ ਫਾਰਚੂਨਰ ਕਾਰ ਵਿੱਚ ਪਿੰਡ ਸ਼ੇਰ ਮਾਜਰਾ ਵਿਖੇ ਪੁੱਜੇ ਸਨ। ਪਿੰਡ ਦੀ ਇਕ ਗਲੀ ਵਿਚਾਲੇ ਕਾਰ ਰੁਕੀ ਤੋਂ ਜਦੋਂ ਰੱਖੜਾ ਆਪਣੇ ਪੀ ਏ ਅਤੇ ਗੰਨਮੈਨ ਨਾਲ ਬਾਹਰ ਨਿਕਲੇ ਤਾਂ ਪਹਿਲਾਂ ਤੋਂ ਖੜੇ ਨੌਜਵਾਨਾਂ ਨੇ ਕਾਲੀਆਂ ਝੰਡੀਆਂ ਲਹਿਰਾ ਕੇ ਉਨ੍ਹਾਂ ਦਾ ਵਿਰੋਧ ਕੀਤਾ ਤੇ ਨਾਅਰੇਬਾਜ਼ੀ ਕੀਤੀ। ਲੋਕਾਂ ਦੇ ਗੁੱਸੇ ਨੂੰ ਦੇਖਦਿਆਂ ਰੱਖੜਾ ਕਾਰ ਛੱਡ ਕੇ ਅੱਗੇ ਨੂੰ ਤੁਰ ਪਏ। ਇਸ ਬਾਰੇ ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਦਾ ਕਹਿਣਾ ਹੈ ਕਿ ਉਹ ਪਿੰਡਾਂ ਵਿੱਚ ਵੋਟਾਂ ਸਬੰਧੀ ਗਏ ਸਨ, ਪਰ ਉਥੇ ਦੋ ਧਿਰਾਂ ਦਾ ਪਹਿਲਾਂ ਤੋਂ ਆਪਸੀ ਝਗੜਾ ਸੀ। ਜਿਸ ਨੂੰ ਲੈ ਕੇ ਇਕ ਧਿਰ ਨੇ ਦੂਸਰੀ ਧਿਰ ਦੀ ਪੈਰਵੀ ਕਰਨ ਨੂੰ ਲੈ ਕੇ ਇਤਰਾਜ਼ ਜਤਾਇਆ।

## ਸੁਰੱਖਿਆ ਲੈਣ ਆਏ ਪ੍ਰੇਮੀ-ਪ੍ਰੇਮਿਕਾ ਨੂੰ ਕੋਰਟ ਨੇ ਜੇਲ੍ਹ ਭੇਜ ਦਿੱਤਾ

ਚੰਡੀਗੜ੍ਹ, 19 ਸਤੰਬਰ (ਪੋਸਟ ਬਿਊਰੋ)- ਵਿਆਹੇ ਹੋਣ ਦੇ ਬਾਵਜੂਦ ਦੂਸਰਾ ਵਿਆਹ ਕਰ ਕੇ ਅਦਾਲਤ ਤੋਂ ਸੁਰੱਖਿਆ ਦੀ ਮੰਗ ਕਰਨਾ ਲੁਧਿਆਣਾ ਦੇ ਮਨਦੀਪ ਸਿੰਘ ਨੂੰ ਮਹਿੰਗਾ ਪੈ ਗਿਆ। ਇਸ ਕੰਮ ਲਈ ਝੂਠ ਬੋਲਣ ਦੇ ਦੋਸ਼ ਵਿੱਚ ਹਾਈ ਕੋਰਟ ਨੇ ਮਨਦੀਪ ਸਿੰਘ ਅਤੇ ਉਸ ਦੀ ਪ੍ਰੇਮਿਕਾ ਮਨੀਸ਼ਾ ਨੂੰ ਜੇਲ੍ਹ ਭੇਜ ਦਿੱਤਾ ਹੈ।

ਮਿਲੀ ਜਾਣਕਾਰੀ ਅਨੁਸਾਰ ਆਪਣੇ ਗੁਆਂਢ ਵਿੱਚ ਰਹਿੰਦੀ ਮਨੀਸ਼ਾ ਨਾਲ ਦੂਸਰਾ ਵਿਆਹ ਕਰ ਕੇ ਹਾਈ ਕੋਰਟ ਤੋਂ ਸੁਰੱਖਿਆ ਲੈਣ ਦੀ ਕੋਸ਼ਿਸ਼ ਕਰਨ ਵਾਲੇ ਮਨਦੀਪ ਦਾ ਪਰਦਾ ਓਦੋਂ ਫਾਸ਼ ਹੋ ਗਿਆ, ਜਦੋਂ ਉਸ ਦੀ ਪਹਿਲੀ ਪਤਨੀ ਨੇ ਖੁਦ ਅਦਾਲਤ ਵਿੱਚ ਆ ਕੇ ਉਸ ਦੇ ਪਹਿਲਾਂ ਤੋਂ ਵਿਆਹੇ ਹੋਣ ਦੀ ਸੂਚਨਾ ਦਿੱਤੀ। ਮਨੀਸ਼ਾ ਅਤੇ ਮਨਦੀਪ ਨੇ ਵਿਆਹ ਦੇ ਬਾਅਦ ਸੁਰੱਖਿਆ ਦੀ ਮੰਗ ਕਰਦੇ ਹੋਏ ਆਪਣੇ ਐਫੀਡੇਵਿਟ ਵਿੱਚ ਕਿਹਾ ਸੀ ਕਿ ਇਹ ਉਨ੍ਹਾਂ ਦਾ ਪਹਿਲਾ ਵਿਆਹ ਹੈ, ਪਰ ਮਨਦੀਪ ਦੀ ਪਤਨੀ ਵੱਲੋਂ ਅਦਾਲਤ ਵਿੱਚ ਉਸ ਦਾ ਪਰਦਾ ਫਾਸ਼ ਕਰਨ ਪਿੱਛੋਂ ਜਸਟਿਸ ਕੁਲਦੀਪ ਸਿੰਘ ਨੇ ਕੱਲ੍ਹ ਹਾਈ ਕੋਰਟ ਦੇ ਰਜਿਸਟਰਾਰ ਨੂੰ ਇਸ ਦੀ ਸ਼ੁਰੂਆਤੀ ਜਾਂਚ ਕਰ ਕੇ ਅਦਾਲਤ ਨੂੰ ਆਪਣੀ ਰਿਪੋਰਟ ਦੇਣ ਦੇ ਹੁਕਮ ਦਿੱਤੇ। ਰਜਿਸਟਰਾਰ ਵਿਜੀਲੈਂਸ ਦੀ ਜਾਂਚ ਵਿੱਚ ਮਨਦੀਪ ਅਤੇ ਮਨੀਸ਼ਾ ਦਾ ਝੂਠ ਪਤਾ ਲੱਗਣ ਉੱਤੇ ਜਸਟਿਸ ਕੁਲਦੀਪ ਸਿੰਘ ਨੇ ਦੋਵਾਂ ਨੂੰ ਹਿਰਾਸਤ ਵਿੱਚ ਲੈਣ ਦੇ ਹੁਕਮ ਜਾਰੀ ਕੀਤੇ ਅਤੇ ਰਜਿਸਟਰਾਰ ਵਿਜੀਲੈਂਸ ਨੂੰ ਦੋਵਾਂ ਵਿਰੁੱਧ ਚੰਡੀਗੜ੍ਹ ਦੇ ਚੀਫ ਜੁਡੀਸ਼ੀਅਲ ਮੈਜਿਸਟਰੇਟ ਦੇ ਕੋਲ ਅਪਰਾਧਕ ਸ਼ਿਕਾਇਤ ਦਰਜ ਕਰਾਉਣ ਦੇ ਹੁਕਮ ਜਾਰੀ ਕਰ ਦਿੱਤੇ। ਰਜਿਸਟਰਾਰ ਵਿਜੀਲੈਂਸ ਨੇ ਇਸ ਬਾਰੇ ਆਪਣੀ ਰਿਪੋਰਟ ਵਿੱਚ ਦੋਵਾਂ ਦੇ ਖਿਲਾਫ ਝੂਠੀ ਗਵਾਹੀ, ਝੂਠੇ ਬਿਆਨ, ਅਦਾਲਤ ਨੂੰ ਝੂਠ ਬੋਲਣ, ਅਪਰਾਧਕ ਵਿਸ਼ਵਾਸਘਾਤ, ਦੂਸਰਾ ਵਿਆਹ ਅਤੇ ਅਪਰਾਧਕ ਸਾਜ਼ਿਸ਼ ਕਰਨ ਦਾ ਮਾਮਲਾ ਹੋਣ ਦੀ ਗੱਲ ਕਹੀ ਸੀ। ਇਸ ਰਿਪੋਰਟ ਦੇ ਬਾਅਦ ਜਸਟਿਸ ਕੁਲਦੀਪ ਸਿੰਘ ਨੇ ਚੰਡੀਗੜ੍ਹ ਪੁਲਸ ਨੂੰ ਅਦਾਲਤ ਵਿੱਚ ਹੀ ਬੁਲਾ ਕੇ ਮਨਦੀਪ ਅਤੇ ਮਨੀਸ਼ਾ ਨੂੰ ਸੈਕਟਰ-3 ਥਾਣਾ ਇੰਚਾਰਜ ਦੀ ਹਿਰਾਸਤ ਵਿੱਚ ਭੇਜ ਦਿੱਤਾ। ਸੁਣਵਾਈ ਦੌਰਾਨ ਮਨੀਸ਼ਾ ਦੇ ਪਰਵਾਰ ਵਾਲੇ ਵੀ ਅਦਾਲਤ ਵਿੱਚ ਮੌਜੂਦ ਸਨ ਅਤੇ ਉਨ੍ਹਾਂ ਨੇ ਇਸ ਨੂੰ ਮਨੀਸ਼ਾ ਦੀ ਨਾਸਮਝੀ ਦੱਸਿਆ ਸੀ।

UPPAL LAW
FREE CONSULTATION !
Avtar Uppal
Manager
Aman Uppal
BARRISTER, SOLICITOR
IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)
OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)
Prices are subject to Taxes, do not include Government fees and service by appointment only.
Offer valid until 9/30/201
Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6

JEYA
LOOKING FOR LONG/SHORT HAULS
Hiring Team Drivers & Single drivers
DEDICATED A/Z DRIVERS FOR USA/LOCAL CANADA
- Jeya Transport ਵਾਲਿਆਂ ਨੂੰ US/CANADA ਲਈ A/Z ਡਰਾਈਵਰਾਂ ਦੀ ਲੋੜ
- Texas ਅਤੇ Midwest ਦੇ ਡੈਡੀਕੇਟਡ ਰਨ
- 2016-18 ਦੇ Automatic ਅਤੇ Manual Cascadia ਦੇ ਟਰੱਕ
- ਚੰਗੀ ਜੋਬ ਅਤੇ ਵਧੀਆ ਤਨਖਾਹ, ਵਧੀਆ ਮਾਈਲਜ਼ ਪਿਕਅਪ ਅਤੇ ਡਰਾਪ ਇੱਕੋ ਥਾਂ ਤੇ
- ਸਿੰਗਲ ਡਰਾਇਵਰਾਂ ਨੂੰ 0.60 ਸੈਂਟ ਪਰ ਮਾਇਲ, ਟੀਮ ਡਰਾਇਵਰਾਂ ਨੂੰ 0.66 ਸੈਂਟ
- Looking For dedicated A/Z Drivers For USA/Local Canada
- Every Pick up and Drop off is in the same place
- Good Job, Per Mile 0.60 Cents for single drivers & 0.66 Cents for team drivers
- New Trucks And Trailers 2016-2018
ALSO HIRING OWNER OPERATORS




202-2386 Haines Rd., Mississauga ON.
Sakshi: 647-534-5770 | Riki: 647-963-7131
Office: 905-564-8851
Email: ramesh@jeyatransport.com/sakshi@jeyatransport.com

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton 905-458-4733 (see Kamal)

Condo Townhouse for sale.




ਸਾਫ ਸੁਥਰਾ 3 ਬੈਡਰੂਮ ਅਤੇ 3 ਵਾਸ਼ਰੂਮ ਦਾ ਟਾਉਨ ਹਾਉਸ
A Fantastic 2 Story Town House On A Peaceful Ravine Lot, All Brick, Double Door, 3 Bedrooms, 3 Washrooms. Shining Pot Lights, Kitchen With Granite C-Tops And Backsplash, Very Low Monthly Maintenance Fee For Snow & Garbage Removal, Located In a High Demand Area, Next To Walmart, Schools, Bus Stops, Grocery, Gas Station & All Amenities
KAMAL SANDHU
Sales Representative
647.891.0143
905.488.2100 ext. 407
www.arearealtor.com
realtorkamalsandhu@gmail.com
Century 21
President Realty Inc. Brokerage*
Looking For a Nest..? Call the Best

Dr. Randhawa Dentistry
Your own dentist who really cares for you
We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment
- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ
Dr. Samreet Kaur Randhawa
General Family Dentist
New Patients welcome
Deal Directly with all Insurance Companies
INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!
FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044
NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111



# ਭਾਰਤ ਦੀ ਪਹਿਲੀ ਮਹਿਲਾ ਆਈ ਏ ਐੱਸ ਅਫਸਰ ਅੰਨਾ ਰਾਜਮ ਦਾ ਦਿਹਾਂਤ



ਮੁੰਬਈ, 19 ਸਤੰਬਰ (ਪੋਸਟ ਬਿਊਰੋ)- ਦੇਸ਼ ਦੀ ਪਹਿਲੀ ਮਹਿਲਾ ਆਈ ਏ ਐੱਸ ਅਧਿਕਾਰੀ ਅੰਨਾ ਰਾਜਮ ਮਲਹੋਤਰਾ ਦਾ ਬੀਤੇ ਦਿਨੀਂ ਮੁੰਬਈ ਦੇ ਅੰਧੇਰੀ ਇਲਾਕੇ ਵਿੱਚ ਦਿਹਾਂਤ ਹੋ ਗਿਆ। ਉਹ 91 ਸਾਲ ਦੇ ਸਨ। ਸਾਲ 1989 ਵਿੱਚ ਉਨ੍ਹਾਂ ਨੂੰ ਪਦਮ ਭੂਸ਼ਣ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਸੀ।

ਪਰਵਾਰਕ ਸੂਤਰਾਂ ਮੁਤਾਬਕ ਅੰਨਾ ਰਾਜਮ ਦਾ ਜਨਮ 1927 ਵਿੱਚ ਕੇਰਲ ਦੇ ਏਰਨਾਕੁਲਮ ਜ਼ਿਲ੍ਹੇ ਵਿੱਚ ਹੋਇਆ ਸੀ। ਬਚਪਨ ਵਿੱਚ ਉਹ ਅੰਨਾ ਰਾਜਮ ਜਾਰਜ ਦੇ ਨਾਂਅ ਨਾਲ ਜਾਣੀ ਜਾਂਦੀ ਸੀ। ਕੋਜ਼ੀਕੋਡ ਵਿੱਚ ਸਕੂਲ ਦੀ ਪੜ੍ਹਾਈ ਪੂਰੀ ਕਰਨ ਦੇ ਬਾਅਦ ਉਹ ਉਚ ਸਿਖਿਆ ਲਈ ਚੇਨਈ ਆ ਗਈ ਤੇ ਉਹ 1951 ਵਿੱਚ ਆਈ ਏ ਐੱਸ ਵਿੱਚ ਸ਼ਾਮਲ ਹੋਈ ਤੇ ਮਦਰਾਸ ਕੇਡਰ ਚੁਣਿਆ ਅਤੇ ਤਾਮਿਲ ਨਾਡੂ ਦੇ ਤਤਕਾਲੀ ਮੁੱਖ ਮੰਤਰੀ ਸੀ. ਰਾਜਗੋਪਾਲਾਚਾਰੀ ਦੀ ਅਗਵਾਈ ਵਿੱਚ ਕੰਮ ਸ਼ੁਰੂ ਕੀਤਾ। ਉਨ੍ਹਾਂ ਨੇ ਰਿਜ਼ਰਵ ਬੈਂਕ ਆਫ ਇੰਡੀਆ ਦੇ ਗਵਰਨਰ ਰਹੇ ਆਰ ਐੱਨ ਮਲਹੋਤਰਾ ਨਾਲ ਵਿਆਹ ਕੀਤਾ ਸੀ। ਉਨ੍ਹਾਂ ਨੂੰ ਮੁੰਬਈ ਦੇ ਨੇੜੇ ਆਧੁਨਿਕ ਬੰਦਰਗਾਹ ਜੇ ਐਨ ਪੀ ਟੀ ਦੀ ਸਥਾਪਨਾ ਵਿੱਚ ਯੋਗਦਾਨ ਲਈ ਜਾਣਿਆ ਜਾਂਦਾ ਹੈ। ਕੇਂਦਰ ਸਰਕਾਰ ਵਿੱਚ ਨਿਯੁਕਤੀ ਦੌਰਾਨ ਉਹ ਜੇ ਐੱਨ ਪੀ ਟੀ ਦੀ ਚੇਅਰਪਰਸਨ ਵੀ ਰਹੀ। ਮਲਹੋਤਰਾ ਨੇ ਤਾਮਿਲ ਨਾਡੂ ਦੇ ਸੱਤ ਮੁੱਖ ਮੰਤਰੀਆਂ ਨਾਲ ਕੰਮ ਕੀਤਾ ਸੀ। ਦਿੱਲੀ ਵਿੱਚ 1982 ਵਿੱਚ ਏਸ਼ੀਆਈ ਖੇਡਾਂ ਦਾ ਇੰਚਾਰਜ ਹੋਣ ਦੇ ਦੌਰਾਨ ਰਾਜੀਵ ਗਾਂਧੀ ਦੇ ਨਾਲ ਵੀ ਉਨ੍ਹਾਂ ਨੇ ਕੰਮ ਕੀਤਾ। ਰਿਟਾਇਰਮੈਂਟ ਦੇ ਬਾਅਦ ਉਹ ਹੋਟਲ ਲੀਲਾ ਵੈਂਚਰ ਲਿਮਟਿਡ ਦੀ ਡਾਇਰੈਕਟਰ ਵੀ ਰਹੀ ਸੀ।

# ਮੋਦੀ ਕੋਲ ਸਿਰਫ 50000 ਰੁਪਏ ਨਕਦੀ, ਫਿਰ ਵੀ ਕਰੋੜਪਤੀ



ਨਵੀਂ ਦਿੱਲੀ, 19 ਸਤੰਬਰ (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਦਫਤਰ ਵੱਲੋਂ ਨਰਿੰਦਰ ਮੋਦੀ ਦੀ ਚੱਲ-ਅਚੱਲ ਜਾਇਦਾਦ ਦਾ ਵੇਰਵਾ ਜਾਰੀ ਕੀਤਾ ਗਿਆ ਹੈ, ਜਿਸ ਮੁਤਾਬਕ ਮੋਦੀ ਕੋਲ ਇਸ ਸਮੇਂ ਕਰੀਬ ਪੰਜਾਹ ਹਜ਼ਾਰ ਰੁਪਏ ਦੀ ਨਕਦੀ ਹੈ। ਪਿਛਲੇ ਸਾਲ ਮੋਦੀ ਕੋਲ ਲਗਭਗ ਡੇਢ ਲੱਖ ਰੁਪਏ ਦੀ ਨਕਦੀ ਸੀ, ਜੋ 48944 ਰਹਿ ਗਈ ਹੈ।

ਮਿਲੀ ਜਾਣਕਾਰੀ ਅਨੁਸਾਰ ਪ੍ਰਧਾਨ ਮੰਤਰੀ ਦੀ ਕੁੱਲ ਚੱਲ-ਅਚੱਲ ਜਾਇਦਾਦ ਕਰੀਬ ਦੋ ਕਰੋੜ 28 ਲੱਖ ਰੁਪਏ ਹੈ। ਇਸ ਵਿੱਚੋਂ ਇੱਕ ਕਰੋੜ 28 ਲੱਖ ਰੁਪਏ ਦੀ ਚੱਲ ਜਾਇਦਾਦ ਅਤੇ ਗਾਂਧੀਨਗਰ ਵਿੱਚ ਇੱਕ ਲੱਖ ਵਿੱਚ 3531.45 ਵਰਗ ਫੁੱਟ ਦੀ ਜਾਇਦਾਦ ਖਰੀਦੀ ਸੀ। ਮੋਦੀ ਦੇ ਬੈਂਕ ਬੈਲੇਂਸ ਮੁਤਾਬਕ ਗੁਜਰਾਤ ਦੇ ਗਾਂਧੀਨਗਰ ਵਾਲੇ ਐਸ ਬੀ ਆਈ ਦੀ ਬ੍ਰਾਂਚ ਵਿੱਚ ਉਨ੍ਹਾਂ ਦਾ ਇੱਕ ਖਾਤਾ ਹੈ, ਇਸ ਵਿੱਚ 11,29,690 ਰੁਪਏ ਜਮ੍ਹਾ ਹਨ। ਮੋਦੀ ਨੇ ਇੱਕ ਕਰੋੜ ਸੱਤ ਲੱਖ 96 ਹਜ਼ਾਰ 288 ਰੁਪਏ ਫਿਕਸ ਡਿਪਾਜ਼ਿਟ ਵਜੋਂ ਵੀ ਕਰਵਾਏ ਹੋਏ ਹਨ। ਇਸ ਦੇ ਨਾਲ ਹੀ ਮੋਦੀ ਨੇ ਕਈ ਹੋਰਨਾਂ ਥਾਵਾਂ 'ਤੇ ਵੀ ਬੱਚਤ ਕੀਤੀ ਹੋਈ ਹੈ। ਇਨਫਰਾਸਟਰੱਕਚਰ ਬਾਂਡ ਵਿੱਚ ਉਨ੍ਹਾਂ 20 ਹਜ਼ਾਰ ਰੁਪਏ ਲਾਏ ਹੋਏ ਹਨ। ਇਹ ਅੰਕੜਾ 25 ਜਨਵਰੀ 2012 ਤੱਕ ਦਾ ਹੈ। ਉਨ੍ਹਾਂ ਪੰਜ ਲੱਖ 18 ਹਜ਼ਾਰ 235 ਰੁਪਏ ਨੈਸ਼ਨਲ ਸੇਵਿੰਗ ਸਰਟੀਫਿਕੇਟਾਂ ਵਿੱਚ ਲਾਏ ਹਨ। ਇੱਕ ਲੱਖ 59 ਹਜ਼ਾਰ 281 ਰੁਪਏ ਦਾ ਜੀਵਨ ਬੀਮਾ ਵੀ ਕਰਾਇਆ ਹੈ। ਉਨ੍ਹਾਂ ਕੋਲ ਸੋਨੇ ਦੀਆਂ ਚਾਰ ਮੁੰਦਰੀਆਂ ਵੀ ਹਨ, ਜਿਨ੍ਹਾਂ ਦਾ ਭਾਰ 45 ਗਰਾਮ ਹੈ। ਇਨ੍ਹਾਂ ਦੀ ਕੀਮਤ ਇੱਕ ਲੱਖ 38 ਹਜ਼ਾਰ ਰੁਪਏ ਦੱਸੀ ਗਈ ਹੈ। ਦੱਸਿਆ ਗਿਆ ਹੈ ਕਿ ਮੋਦੀ ਨੇ ਕਿਸੇ ਬੈਂਕ ਤੋਂ ਕੋਈ ਕਰਜ਼ਾ ਨਹੀਂ ਲਿਆ। ਉਨ੍ਹਾਂ ਦੇ ਨਾਂਅ 'ਤੇ ਕੋਈ ਵੀ ਟੂ ਵ੍ਹੀਲਰ ਜਾਂ ਫੋਰਵ੍ਹੀਲਰ ਨਹੀਂ ਹੈ। ਪ੍ਰਧਾਨ ਮੰਤਰੀ ਬਣਨ ਪਿੱਛੋਂ ਮੋਦੀ ਨੇ ਕਦੇ ਵੀ ਸੋਨਾ ਨਹੀਂ ਖਰੀਦਿਆ।

# ਰਾਫੇਲ ਜਹਾਜ਼ ਸੌਦੇ ਬਾਰੇ ਸਾਬਕਾ ਅਤੇ ਮੌਜੂਦਾ ਰੱਖਿਆ ਮੰਤਰੀਆਂ ਦੇ ਵਿਚਾਰਾਂ ਦਾ ਟਕਰਾਅ



ਨਵੀਂ ਦਿੱਲੀ, 19 ਸਤੰਬਰ (ਪੋਸਟ ਬਿਊਰੋ)- ਫਰਾਂਸ ਤੋਂ ਰਾਫੇਲ ਜੰਗੀ ਹਵਾਈ ਜਹਾਜ਼ਾਂ ਦੇ ਸੌਦੇ ਬਾਰੇ ਹਮਲਾਵਰ ਹੋਈ ਕਾਂਗਰਸ ਪਾਰਟੀ ਵੱਲੋਂ ਕੱਲ੍ਹ ਸਾਬਕਾ ਰੱਖਿਆ ਮੰਤਰੀ ਏ ਕੇ ਐਂਟਨੀ ਨੇ ਨਰਿੰਦਰ ਮੋਦੀ ਸਰਕਾਰ ਨੂੰ ਨਿਸ਼ਾਨੇ 'ਤੇ ਲੈਂਦਿਆਂ ਕਿਹਾ ਕਿ ਜੇ ਕੇਂਦਰ ਸਰਕਾਰ ਸੌਦਾ ਸਸਤਾ ਹੋਣ ਦਾ ਦਾਅਵਾ ਕਰ ਰਹੀ ਹੈ ਤਾਂ ਉਸ ਨੇ ਸਿਰਫ 36 ਜਹਾਜ਼ ਕਿਉਂ ਖਰੀਦੇ, ਜਦ ਕਿ ਹਵਾਈ ਫੌਜ ਨੂੰ ਫੌਰੀ ਤੌਰ ਉੱਤੇ 126 ਜਹਾਜ਼ਾਂ ਦੀ ਲੋੜ ਹੈ।

ਹਵਾਈ ਜਹਾਜ਼ ਰਾਫੇਲ ਦੇ ਸੌਦੇ 'ਤੇ ਸਾਂਝੀ ਪਾਰਲੀਮੈਂਟਰੀ ਕਮੇਟੀ ਬਣਾਉਣ ਦੀ ਕਾਂਗਰਸ ਦੀ ਮੰਗ ਉਠਾਉਂਦਿਆਂ ਐਂਟਨੀ ਨੇ ਕਿਹਾ ਕਿ ਆਖਰ ਸਾਂਝੀ ਪਾਰਲੀਮੈਂਟਰੀ ਕਮੇਟੀ ਬਣਾਉਣ ਤੋਂ ਇਨਕਾਰ ਕਿਉਂ ਕਰਦੀ ਹੈ। ਐਂਟਨੀ ਨੇ ਐਚ ਏ ਐਲ (ਹਿੰਦੁਸਤਾਨ ਏਅਰੋਨ-ਾਟਿਕਸ ਲਿਮਟਿਡ) ਬਾਰੇ ਰੱਖਿਆ ਮੰਤਰੀ ਦੇ ਉਸ ਦਾਅਵੇ 'ਤੇ ਵੀ ਸਵਾਲ ਕੀਤੇ, ਜਿਸ ਵਿੱਚ ਉਨ੍ਹਾਂ ਕਿਹਾ ਸੀ ਕਿ ਐਚ ਏ ਐਲ ਕੋਲ 108 ਲੜਾਕੂ ਜਹਾਜ਼ ਬਣਾਉਣ ਦੀ ਸਮਰੱਥਾ ਹੀ ਨਹੀਂ ਹੈ। ਐਂਟਨੀ ਨੇ ਕਿਹਾ ਕਿ ਇਹ ਦਾਅਵਾ ਕਰਕੇ ਰੱਖਿਆ ਮੰਤਰੀ ਸਾਡੇ ਦੇਸ਼ ਦੀ 75 ਸਾਲ ਪੁਰਾਣੀ ਸਰਕਾਰੀ ਕੰਪਨੀ ਦੇ ਅਕਸ ਨੂੰ ਖਰਾਬ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਸਾਬਕਾ ਰੱਖਿਆ ਮੰਤਰੀ ਐਂਟਨੀ ਨੇ ਐਚ ਏ ਐਲ ਨੂੰ ਤਜਰਬੇਕਾਰ ਕੰਪਨੀ ਦੱਸ ਕੇ ਕਿਹਾ ਕਿ ਇਸ ਕੰਪਨੀ ਨੇ 31 ਕਿਸਮਾਂ ਦੇ 4060 ਲੜਾਕੂ ਜਹਾਜ਼ ਬਣਾਏ ਹੋਏ ਹਨ, ਜਿਹੜੇ 20 ਦੇਸ਼ਾਂ ਨੂੰ ਸਪਲਾਈ ਕੀਤੇ ਜਾਂਦੇ ਹਨ। ਇਸ ਤਜਰਬੇ ਨੂੰ ਵੇਖਦਿਆਂ ਕੰਪਨੀ ਦੀ ਸਮਰੱਥਾ 'ਤੇ ਸਵਾਲ ਉਠਾਉਣਾ ਗਲਤ ਹੈ। ਉਨ੍ਹਾ ਨੇ ਰੱਖਿਆ ਮੰਤਰੀ ਨਿਰਮਲਾ ਸੀਤਾਰਮਨ ਦੇ ਉਸ ਦਾਅਵੇ ਨੂੰ ਵੀ ਰੱਦ ਕੀਤਾ ਕਿ ਉਸ (ਐਂਟਨੀ) ਦੇ ਦਖਲ ਕਾਰਨ ਯੂ ਪੀ ਏ ਸਰਕਾਰ ਵੇਲੇ ਹੋ ਰਿਹਾ ਸੌਦਾ ਠੰਢੇ ਬਸਤੇ ਵਿੱਚ ਪੈ ਗਿਆ ਸੀ। ਐਂਟਨੀ ਨੇ ਨਿਰਮਲਾ ਸੀਤਾਰਮਨ 'ਤੇ ਸੱਚਾਈ ਛੁਪਾਉਣ ਦਾ ਦੋਸ਼ ਲਾਇਆ ਅਤੇ ਇਸ ਮਾਮਲੇ 'ਚ ਭਾਜਪਾ ਪਾਰਲੀਮੈਂਟ ਮੈਂਬਰਾਂ ਸਮੇਤ ਅਨੇਕ ਆਗੂਆਂ ਵੱਲੋਂ ਪ੍ਰਗਟਾਏ ਇਤਰਾਜ਼ਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਉਸ ਵੇਲੇ ਹਵਾਈ ਫੌਜ ਸੌਦੇ ਨੂੰ ਛੇਤੀ ਮੁਕੰਮਲ ਕਰਨ ਲਈ ਦਬਾਅ ਪਾ ਰਹੀ ਸੀ।

ਕਾਂਗਰਸੀ ਆਗੂ ਅਤੇ ਸਾਬਕਾ ਰੱਖਿਆ ਮੰਤਰੀ ਏ ਕੇ ਐਂਟਨੀ ਵੱਲੋਂ ਸਾਹਮਣੇ ਲਾਏ ਗਏ ਦੋਸ਼ਾਂ ਦੇ ਜਵਾਬ ਵਿੱਚ ਰੱਖਿਆ ਮੰਤਰੀ ਨਿਰਮਲਾ ਸੀਤਾਰਮਨ ਜਵਾਬੀ ਹਮਲਾ ਕਰਦੇ ਹੋਏ ਕਿਹਾ ਕਿ ਐਨ ਡੀ ਏ ਸਰਕਾਰ ਨੇ ਇਹ ਸੌਦਾ ਯੂ ਪੀ ਏ ਸਰਕਾਰ ਦੇ ਸਮੇਂ ਤੋਂ 9 ਫੀਸਦੀ ਘੱਟ ਮੁੱਲ 'ਤੇ ਕੀਤਾ ਹੈ। ਨਿਰਮਲਾ ਸੀਤਾਰਮਨ ਨੇ ਰਿਲਾਇੰਸ ਨੂੰ ਇਹ ਸੌਦਾ ਦਿੱਤੇ ਜਾਣ ਬਾਰੇ ਕਿਹਾ ਕਿ ਯੂ ਪੀ ਏ ਸਰਕਾਰ ਦੇ ਸਮੇਂ ਐਚ ਏ ਐਲ ਅਤੇ ਡਸਾਲਟ ਦੇ ਦਰਮਿਆਨ ਉਤਪਾਦਨ ਨੂੰ ਲੈ ਕੇ ਸਹਿਮਤੀ ਨਹੀਂ ਬਣ ਸਕੀ ਸੀ, ਜਿਸ ਕਾਰਨ ਐਚ ਏ ਐਲ ਅਤੇ ਰਾਫੇਲ ਇਕੱਠੇ ਕੰਮ ਨਹੀਂ ਕਰ ਸਕਦੇ ਸਨ।

# ਭਾਗਵਤ ਨੇ ਕਿਹਾ: ਅਸੀਂ ਕਹਾਂਗੇ ਕਿ ਮੁਸਲਮਾਨ ਨਹੀਂ ਚਾਹੀਦਾ ਤਾਂ ਹਿੰਦੂਤਵ ਵੀ ਨਹੀਂ ਬਚੇਗਾ

ਨਵੀਂ ਦਿੱਲੀ, 19 ਸਤੰਬਰ (ਪੋਸਟ ਬਿਊਰੋ)- ਰਾਸ਼ਟਰੀ ਸੋਇਮਸੇਵਕ ਸੰਘ (ਆਰ ਐਸ ਐਸ) ਦੇ ਹਿੰਦੂਤਵ ਏਜੰਡੇ ਬਾਰੇ ਹਮਲਾ ਕਰ ਰਹੀਆਂ ਸਿਆਸੀ ਪਾਰਟੀਆਂ ਅਤੇ ਸੰਗਠਨਾਂ ਨੂੰ ਸੰਘ ਦੇ ਮੁਖੀ ਮੋਹਨ ਭਾਗਵਤ ਨੇ ਭਾਰਤੀ ਸੰਵਿਧਾਨ ਦੀ ਮਨਸ਼ਾ ਅਤੇ ਹਿੰਦੂਤਵ ਦੇ ਦਰਸ਼ਨ ਦੀ ਸਮਾਨਤਾ ਦਿਖਾ ਕੇ ਚੁੱਪ ਕਰਾਉਣ ਦੀ ਕੋਸ਼ਿਸ਼ ਕੀਤੀ ਹੈ। ਭਾਰਤ ਦੇ ਸੰਵਿਧਾਨ ਦੀ ਭੂਮਿਕਾ ਵਿੱਚ 'ਭਾਈਚਾਰੇ ਦੀ ਭਾਵਨਾ' ਦੇ ਵਿਕਾਸ ਦਾ ਜ਼ਿਕਰ ਕਰਦੇ ਹੋਏ ਭਾਗਵਤ ਨੇ ਕਿਹਾ ਕਿ ਵਿਭਿੰਨਤਾ ਵਿੱਚ ਏਕਤਾ, ਭਾਈਚਾਰਾ ਤੇ ਇਕ ਦੂਜੇ ਦੇ ਪ੍ਰਤੀ ਸਨਮਾਨ ਹਿੰਦੂਤਵ ਦਾ ਵੀ ਸਾਰ ਹੈ। ਉਨ੍ਹਾਂ ਇਹ ਵੀ ਕਿਹਾ ਕਿ ਜੇ ਕੋਈ ਕਹੇਗਾ ਕਿ ਮੁਸਲਮਾਨ ਨਹੀਂ ਚਾਹੀਦੇ ਤਾਂ ਹਿੰਦੂਤਵ ਵੀ ਖਤਮ ਹੋ ਜਾਵੇਗਾ। ਭਾਗਵਤ ਨੇ ਕਿਹਾ ਕਿ ਸੰਘ ਆਪਣੇ ਦੇਸ਼ ਦੀ ਸੰਵਿਧਾਨ ਦੀ ਭੂਮਿਕਾ ਦੇ ਇਕ-ਇਕ ਸ਼ਬਦ ਨਾਲ ਨਾ ਸਿਰਫ ਸਹਿਮਤ ਹੈ, ਬਲਕਿ ਪੂਰੀ ਸ਼ਰਧਾ ਨਾਲ ਉਸ ਦੀ ਪਾਲਣਾ ਕਰਦਾ ਹੈ। ਸੰਘ ਲਈ ਸੰਵਿਧਾਨ ਦੀ ਭਾਵਨਾ ਹਿੰਦੂਤਵ ਦਰਸ਼ਨ ਤੋਂ ਵੱਖ ਨਹੀਂ ਹੈ ਅਤੇ ਇਸੇ ਲਈ ਖੁੱਲ੍ਹ ਕੇ ਹਿੰਦੂਤਵ ਦੀ ਗੱਲ ਕਰਦਾ ਹੈ।

# ਚੀਫ ਸੈਕਟਰੀ ਕੁੱਟਮਾਰ ਕੇਸ ਵਿੱਚ ਕੇਜਰੀਵਾਲ, ਸਿਸੋਦੀਆ ਅਤੇ 11 ਵਿਧਾਇਕਾਂ ਨੂੰ ਸੰਮਨ



ਨਵੀਂ ਦਿੱਲੀ, 19 ਸਤੰਬਰ (ਪੋਸਟ ਬਿਊਰੋ)- ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਸਰਕਾਰੀ ਰਿਹਾਇਸ਼ 'ਤੇ ਦਿੱਲੀ ਸਰਕਾਰ ਦੇ ਚੀਫ ਸੈਕਟਰੀ ਅੰਸ਼ੂ ਪ੍ਰਕਾਸ਼ ਨਾਲ ਕੁੱਟਮਾਰ ਦੇ ਕੇਸ ਵਿੱਚ ਦਿੱਲੀ ਦੀ ਪਟਿਆਲਾ ਹਾਊਸ ਕੋਰਟ ਨੇ ਡਿਪਟੀ ਮੁੱਖ ਮੰਤਰੀ ਮਨੀਸ਼ ਸਿਸੋਦੀਆ ਅਤੇ 11 ਹੋਰਨਾਂ ਵਿਧਾਇਕਾਂ ਨੂੰ ਸੰਮਨ ਜਾਰੀ ਕਰਕੇ 25 ਅਕਤੂਬਰ ਨੂੰ ਇਸ ਅਦਾਲਤ ਵਿੱਚ ਪੇਸ਼ ਹੋਣ ਦਾ ਆਦੇਸ਼ ਜਾਰੀ ਕਰ ਦਿੱਤਾ ਹੈ।

ਵਰਨਣ ਯੋਗ ਹੈ ਕਿ ਇਸੇ ਸਾਲ 19 ਫਰਵਰੀ ਨੂੰ ਮੁੱਖ ਮੰਤਰੀ ਰਿਹਾਇਸ਼ 'ਤੇ ਅੱਧੀ ਰਾਤ ਨੂੰ ਚੀਫ ਸੈਕਟਰੀ ਅੰਸ਼ੂ ਪ੍ਰਕਾਸ਼ ਨਾਲ ਕੁੱਟਮਾਰ ਅਤੇ ਬਦਸਲੂਕੀ ਕੀਤੀ ਗਈ ਸੀ। ਇਸ ਪਿੱਛੋਂ ਅੰਸ਼ੂ ਪ੍ਰਕਾਸ਼ ਵੱਲੋਂ ਇਸ ਦੀ ਸ਼ਿਕਾਇਤ ਦਿੱਲੀ ਪੁਲਸ ਨੂੰ ਕੀਤੀ ਤਾਂ ਦਿੱਲੀ ਪੁਲਸ ਨੇ ਮੁੱਖ ਮੰਤਰੀ, ਉਪ ਮੁੱਖ ਮੰਤਰੀ ਸਮੇਤ ਹੋਰਨਾਂ ਤੋਂ ਇਸ ਕੇਸ 'ਚ ਪੁੱਛਗਿੱਛ ਕੀਤੀ ਸੀ। ਇਸ ਦੇ ਬਾਅਦ 13 ਅਗਸਤ ਨੂੰ ਪਟਿਆਲਾ ਹਾਊਸ ਕੋਰਟ 'ਚ ਬੰਦ ਲਿਫਾਫੇ 'ਚ 1533 ਪੰਨਿਆਂ ਦਾ ਦੋਸ਼ ਪੱਤਰ ਦਾਖਲ ਕੀਤਾ ਗਿਆ, ਜਿਸ ਵਿੱਚ ਕੇਜਰੀਵਾਲ ਤੇ ਸਿਸੋਦੀਆਂ ਤੋਂ ਇਲਾਵਾ 11 ਹੋਰਨਾਂ ਵਿਧਾਇਕਾਂ ਦੇ ਨਾਂਅ ਸ਼ਾਮਲ ਸਨ। ਸੂਤਰਾਂ ਮੁਤਾਬਕ ਇਸ ਕੇਸ ਵਿੱਚ ਕੇਜਰੀਵਾਲ ਦੇ ਤਤਕਾਲੀ ਸਲਾਹਕਾਰ ਵੀ ਕੇ ਜੈਨ ਨੂੰ ਮੁੱਖ ਗਵਾਹ ਬਣਾਇਆ ਗਿਆ ਹੈ। ਇਸ ਤੋਂ ਬਿਨਾਂ ਕੇਸ ਦੀ ਜਾਂਚ ਦੌਰਾਨ ਘਟਨਾ ਸਥਾਨ 'ਤੇ ਲੱਗੇ ਸੀ ਸੀ ਟੀ ਵੀ ਕੈਮਰਿਆਂ ਵਿੱਚ ਟਾਈਮ ਕਾਫੀ ਪਿੱਛੇ ਚੱਲ ਰਿਹਾ ਸੀ। ਕੇਜਰੀਵਾਲ ਅਤੇ ਸਿਸੋਦੀਆ ਤੋਂ ਬਿਨਾ ਜਿਨ੍ਹਾਂ ਨੂੰ ਸੰਮਨ ਜਾਰੀ ਹੋਏ ਹਨ, ਉਨ੍ਹਾਂ ਵਿੱਚ ਅਮਾਨ-ਤੁਲਾ ਖਾਨ, ਪ੍ਰਕਾਸ਼ ਜਰਵਾਲ, ਨੀਤਿਨ ਤਿਆਗੀ, ਰੀਤੂਰਾਜ ਗੋਵਿੰਦ, ਸੰਜੇ ਝਾਅ, ਅਜੇ ਦੱਤ, ਰਾਜੇਸ਼ ਰਿਸ਼ੀ, ਰਾਜੇਸ਼ ਗੁਪਤਾ, ਮਦਨ ਲਾਲ, ਪ੍ਰਵੀਨ ਕੁਮਾਰ ਅਤੇ ਦਿਨੇਸ਼ ਮੋਹਾਨੀਆ (ਸਾਰੇ ਵਿਧਾਇਕ) ਦੇ ਨਾਂਅ ਸ਼ਾਮਲ ਹਨ। ਅਦਾਲਤ ਨੇ ਸੰਮਨ ਜਾਰੀ ਕਰ ਕੇ ਇਨ੍ਹਾਂ ਸਾਰਿਆਂ ਨੂੰ 25 ਅਕਤੂਬਰ ਤੱਕ ਅਦਾਲਤ ਵਿੱਚ ਪੇਸ਼ ਹੋਣ ਦਾ ਆਦੇਸ਼ ਦਿੱਤਾ ਹੈ।

# ਸੀਲਿੰਗ ਤੋੜਨ ਦੇ ਕੇਸ ਵਿੱਚ ਭਾਜਪਾ ਐੱਮ ਪੀ ਮਨੋਜ ਤਿਵਾੜੀ ਦੇ ਖਿਲਾਫ ਕੇਸ ਦਰਜ



ਨਵੀਂ ਦਿੱਲੀ, 19 ਸਤੰਬਰ (ਪੋਸਟ ਬਿਊਰੋ)- ਦਿੱਲੀ ਦੇ ਗੋਕੁਲਪੁਰੀ ਵਿੱਚ ਇਕ ਘਰ ਦੀ ਸੀਲਿੰਗ ਤੋੜਨ ਦੇ ਮਾਮਲੇ 'ਚ ਭਾਜਪਾ ਪਾਰਲੀਮੈਂਟ ਮੈਂਬਰ ਤੇ ਭਾਜਪਾ ਦੇ ਦਿੱਲੀ ਦੇ ਪ੍ਰਧਾਨ ਮਨੋਜ ਤਿਵਾੜੀ 'ਤੇ ਮਾਮਲਾ ਦਰਜ ਕੀਤਾ ਗਿਆ ਹੈ। ਦਿੱਲੀ ਪੁਲਸ ਨੇ ਮਨੋਜ ਤਿਵਾੜੀ ਦੇ ਖਿਲਾਫ ਗੋਕੁਲਪੁਰੀ ਥਾਣੇ ਵਿੱਚ ਧਾਰਾ 188 ਅਤੇ ਡੀ ਐਮ ਸੀ ਐਕਟ 461 ਅਤੇ 465 ਤਹਿਤ ਐਫ ਆਈ ਆਰ ਦਰਜ ਕੀਤੀ ਹੈ।

ਵਰਨਣ ਯੋਗ ਹੈ ਕਿ ਮਨੋਜ ਤਿਵਾੜੀ 'ਤੇ ਦੋਸ਼ ਹੈ ਕਿ ਉਨ੍ਹਾਂ 16 ਸਤੰਬਰ ਨੂੰ ਦਿੱਲੀ ਦੇ ਗੋਕੁਲਪੁਰ ਵਿੱਚ ਇਕ ਘਰ ਵਿੱਚ ਨਗਰ ਨਿਗਮ ਵੱਲੋਂ ਲਾਈ ਗਈ ਸੀਲ ਨੂੰ ਤੋੜ ਦਿੱਤਾ ਸੀ। ਕੇਸ ਦਰਜ ਹੋਣ ਉਪਰੰਤ ਮਨੋਜ ਤਿਵਾੜੀ ਨੇ ਕਿਹਾ ਕਿ ਜੇ ਸੀਲਿੰਗ ਗਲਤ ਤਰੀਕੇ ਨਾਲ ਹੁੰਦੀ ਹੈ ਤਾਂ ਅਸੀਂ ਇਸ ਦਾ ਵਿਰੋਧ ਕਰਾਂਗੇ ਤੇ ਇਸ ਦੇ ਖਿਲਾਫ ਪ੍ਰਦਰਸ਼ਨ ਵੀ ਕਰਾਂਗੇ। ਉਨ੍ਹਾਂ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਚੁਣੌਤੀ ਦਿੱਤੀ ਕਿ ਉਹ ਕਾਲੋਨੀਆਂ ਦਾ ਦੌਰਾ ਕਰਨ ਅਤੇ ਦਿੱਲੀ ਦੇ ਲੋਕਾਂ ਨੂੰ ਸੀਲਿੰਗ ਦੇ ਮਾਮਲੇ ਵਿੱਚ ਜਵਾਬ ਦੇਣ। ਦੂਜੇ ਪਾਸੇ ਕੇਜਰੀਵਾਲ ਨੇ ਦੋਸ਼ ਲਗਾਇਆ ਕਿ ਭਾਜਪਾ ਦੀ ਨੋਟਬੰਦੀ ਅਤੇ ਜੀ ਐਸ ਟੀ ਤੋਂ ਬਾਅਦ ਸੀਲਿੰਗ ਨੇ ਦਿੱਲੀ ਨੂੰ ਬਰਬਾਦ ਕਰ ਦਿੱਤਾ ਹੈ। ਉਨ੍ਹਾਂ ਟਵੀਟ ਕੀਤਾ ਕਿ ਭਾਜਪਾ ਸਵੇਰੇ ਸੀਲਿੰਗ ਕਰਦੀ ਹੈ ਤੇ ਸ਼ਾਮ ਨੂੰ ਉਸ ਦੇ ਆਗੂ ਉਸ ਨੂੰ ਤੋੜਦੇ ਹਨ, ਭਾਜਪਾ ਕੀ ਸਮਝਦੀ ਹੈ ਕਿ ਲੋਕ ਬੇਵਕੂਫ ਹਨ? ਇਹ ਵੀ ਦੱਸਣ ਯੋਗ ਹੈ ਕਿ ਸੀਲਿੰਗ ਦੇ ਮੁੱਦੇ ਨੂੰ ਲੈ ਕੇ ਭਾਜਪਾ, ਕਾਂਗਰਸ ਤੇ ਆਪ ਵੱਲੋਂ ਇਕ ਦੂਜੇ ਖਿਲਾਫ ਤਿੱਖੇ ਹਮਲੇ ਕੀਤੇ ਜਾ ਰਹੇ ਹਨ।

PLATINUM MORTGAGES
FOR ALL MORTGAGE NEEDS
QUICK MORTGAGE ARRANGEMENT
2ND MORTGAGE
- NO CREDIT CHECK
- NO APPLICATION FEE
- NO JOB INCOME VERIFICATION
- NO PROBLEM
1ST MORTGAGE Starting from 2.59 % OAC
SPECIAL RATES FOR REFINANCING
Professional & Quality Service Guaranteed
Kanwaljit S. Dhunna
Mortgage broker
416.301.1976
Email: kdhunna62@gmail.com
Lic # 11992 FSCO # M08002472
- 1st & 2nd Mortgages
- Refinancing & Renewal
- Line of Credit
- Debt Consolidation
- Self Employed
- Truck Loan
- Equipment Leasing
- Bad Credit
5 CHERRYCREST DR. #206 BRAMPTON L6P 3W4

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਦੋ ਮਕੈਨਿਕਾਂ ਦੀ ਲੋੜ ਹੈ
- 6 ਦੀਨ ਕੰਮ ਸੋਮਵਾਰ ਤੋ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖਾਹ
Minimum 1 year experienced in mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857

Seeking Hindi speaking Caregiver
to provide care for our 2 children (1 infant & other elementary school) in our Milton home.
- Prepare Indian meals
- Able to teach basic Hindi to kids
- Monitor safety of children
- Change diapers of the infant
Salary- $14/hr | Send resumes to genimmigration@gmail.com

DUCT CLEANING
A breath of Clean air
Residential & Commercial Air duct cleaning and dryer vent cleaning
Free Sanitizer
BEFORE AFTER
66 ਹੋਰਸ ਪਾਵਰ ਦੇ ਇੰਜਨ ਦੇ ਵੈਕਯੂਮ ਨਾਲ ਤਸਲੀ ਬਖ਼ਸ਼ ਕੰਮ ਦੀ ਗਾਰੰਟੀ
For Professional Duct Cleaning Services
Call Air Frais Duct Cleaning at:
905-867-9000

Avro Transport Inc.
Owner Operator/Single Drives & Team Drivers ਦੀ ਲੋੜ ਹੈ
Toronto to Montreal, Midwest & USA
Brand New Truck's Available
For Owner Operator:- $1.55
*Plates + Insurance + Tolls will be paid by Company
For Drivers:- $0.58 + $0.02
*Safety Bonus
For Team Drivers:- $0.70
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:-
Ph: 416-896-1313

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

Insurance
Punjab Insurance Inc
- Super Visa Insurance
- Life Insurance
- Disability Insurance
- Critical illness Insurance
- Mortgage Insurance
- RRSP (Retirement Plan)
- RESP (Education Plan)
- Visitor Insurance
- Health and Dental Plans..
- Travel Insurance
- Segregated Funds, TFSA
Harpinder Kaur
Insurance Advisor
416.452.7373
harpinderkaur@punjabinsurance.ca
www.punjabinsurance.ca

Honesty, Reliability, Commitment
For all your Real Estate needs:
HIRA RANDHWA
Sales Represesntatives
416.319.0551
905.913.8585
- 1 yr Home Warranty
- 40% Discount on Brand Name Appliances & Furniture
- Free Evaluation & Lowest Commission
OPEN HOUSE UNTIL SOLD
HOMELIFE SILVERCITY Realty Inc. Brokerage Independently Owned & Operated
www.HiraRandhawa.com hirarandhawa@yahoo.ca
$579,000 Ray Lawson & Timberlane
3 Bedroom Townhouse With Finished Basement, Sep Entrance Through Garage. Hardwood Floor, Freshly Painted, Concrete Patio, Concrete Side Pavement, New Roof, Walking Distance To Sheridan College.
$609,000 Derry & Airport
Fully Detached 5+3 Bedroom And 4 Bath Home With A Lot Of Upgrades Included 6 Car Wrapped Concrete And Driveway With Full Fenced Backyard. Close To Airport, Mosque, Gurduwara, Banks, Schools & Major Hwys.
$659,000 Mc Murchy & Steeles Ave
Fabulous And Stunning Fully Renovated Detached House With 3+1 Bedroom. Fully Renovated In 2018 Which Includes Full Washroom On Main Floor, New Floors, New Basement. It Is Close To All Amenities, Sheridan College...
$699,900 Chinguacousy/Queen
Magnificent Beauty Has Plenty To Offer Located In A Very Demanding Area. Double Door Main Entry, Separate Living Room, Separate Family Room, Beautiful Kitchen And Bedroom With 9' Feet Ceiling, Master Br Has 5Pc...
RESP
Supervisa Insurance
Call : 416.319.0551

FIRST CHOICE FINANCIAL LIMITED
TRUCK LOANS
ਟੱਰਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

## ਬੇਨਜ਼ੀਰ ਦੀ ਜਾਇਦਾਦ ਦਾ ਵੇਰਵਾ ਮੰਗਣ ਨੂੰ ਜ਼ਰਦਾਰੀ ਨੇ 'ਸ਼ਹੀਦ ਦਾ ਅਪਮਾਨ' ਆਖਿਆ

ਇਸਲਾਮਾਬਾਦ, 19 ਸਤੰਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਸਾਬਕਾ ਰਾਸ਼ਟਰਪਤੀ ਅਤੇ ਪਾਕਿਸਤਾਨ ਪੀਪਲਜ਼ ਪਾਰਟੀ (ਪੀ ਪੀ ਪੀ) ਦੇ ਕੋ-ਪ੍ਰਧਾਨ ਆਸਿਫ ਅਲੀ ਜ਼ਰਦਾਰੀ ਨੇ ਸੁਪਰੀਮ ਕੋਰਟ ਵਿਚ ਰੀਵਿਊ ਪਟੀਸ਼ਨ ਦਾਖਲ ਕਰ ਕੇ ਮਰਹੂਮ ਸਾਬਕਾ ਪ੍ਰਧਾਨ ਮੰਤਰੀ ਬੇਨਜ਼ੀਰ ਭੁੱਟੋ ਦੀ ਜਾਇਦਾਦ ਦਾ ਵੇਰਵਾ ਮੰਗਣ ਦੀ ਕਾਰਵਾਈ ਨੂੰ ਦੇਸ਼ ਦੀ ਸ਼ਹੀਦ ਦਾ ਅਪਮਾਨ ਕਰਨ ਦੇ ਬਰਾਬਰ ਦਾ ਗੁਨਾਹ ਦੱਸਿਆ ਹੈ।

ਇਕ ਅੰਗਰੇਜ਼ੀ ਅਖਬਾਰ ਮੁਤਾਬਕ ਜ਼ਰਦਾਰੀ ਨੇ ਅੱਜ ਮੰਗਲਵਾਰ ਨੂੰ ਦਿੱਤੀ ਗਈ ਇੱਕ ਅਰਜ਼ੀ ਵਿੱਚ ਨੈਸ਼ਨਲ ਰੀਕੌਂਸੀਲੇਸ਼ਨ ਆਰਡੀਨੈਂਸ (ਐੱਨ ਆਰ ਓ) ਵਾਲੇ ਕੇਸ ਵਿਚ 29 ਅਗਸਤ ਦੇ ਅਦਾਲਤ ਦੇ ਉਸ ਹੁਕਮ ਨੂੰ ਚੁਣੌਤੀ ਦਿੱਤੀ ਹੈ, ਜਿਸ ਵਿਚ ਉਨ੍ਹਾਂ ਦੀ ਪਤਨੀ ਅਤੇ ਮਰਹੂਮ ਸਾਬਕਾ ਪ੍ਰਧਾਨ ਮੰਤਰੀ ਬੇਨਜ਼ੀਰ ਭੁੱਟੋ ਸਮੇਤ ਸਾਰੇ ਪਰਿਵਾਰ ਦੇ ਮੈਂਬਰਾਂ ਦੀ ਜਾਇਦਾਦ ਦਾ ਵੇਰਵਾ ਦੇਣ ਦਾ ਆਦੇਸ਼ ਜਾਰੀ ਕੀਤਾ ਗਿਆ ਸੀ। ਭੁੱਟੋ ਦੀ ਜਾਇਦਾਦ ਦਾ ਵੇਰਵਾ ਮੰਗੇ ਜਾਣ ਨੂੰ ਇਕ ਸ਼ਹੀਦ ਦਾ ਅਪਮਾਨ ਕਹਿ ਕੇ ਉਨ੍ਹਾਂ ਦੇ ਪਤੀ ਜ਼ਰਦਾਰੀ ਨੇ ਕਿਹਾ ਕਿ ਇਸ ਤਰ੍ਹਾਂ ਦੀ ਜਾਣਕਾਰੀ ਦਾ ਇਸ ਮਾਮਲੇ ਨਾਲ ਕੋਈ ਲੈਣਾ-ਦੇਣਾ ਨਹੀਂ ਹੈ ਅਤੇ ਇਹ ਉਨ੍ਹਾਂ ਦੇ ਮੌਲਿਕ ਅਧਿਕਾਰਾਂ ਦੇ ਵਿਰੁੱਧ ਹੈ।

ਪਾਕਿਸਤਾਨ ਦੀ ਸੁਪਰੀਮ ਕੋਰਟ ਦੇ ਮੁੱਖ ਜੱਜ ਜਸਟਿਸ ਮੀਆਂ ਸਾਕਿਬ ਨਿਸਾਰ ਦੀ ਪ੍ਰਧਾਨਗੀ ਵਿਚ ਤਿੰਨ ਜੱਜਾਂ ਦੀ ਬੈਂਚ ਨੇ ਲਾਇਰਸ ਫਾਊਂਡੇਸ਼ਨ ਫਾਰ ਜਸਟਿਸ ਦੇ ਪ੍ਰਧਾਨ ਫਿਰੋਜ਼ ਸ਼ਾਹ ਗਿਲਾਨੀ ਵੱਲੋਂ ਦਾਇਰ ਅਰਜ਼ੀ 'ਤੇ ਸੁਣਵਾਈ ਕਰਦਿਆਂ 29 ਅਗਸਤ ਨੂੰ ਜ਼ਰਦਾਰੀ ਤੋਂ ਉਨ੍ਹਾਂ ਦੀ ਮਰਹੂਮ ਪਤਨੀ, ਬੱਚਿਆਂ (ਬਿਲਾਵਲ, ਬਖਤਾਵਰ ਤੇ ਆਸਿਫਾ ਭੁੱਟੋ ਜ਼ਰਦਾਰੀ) ਅਤੇ ਹੋਰ ਮੈਂਬਰਾਂ ਦੀਆਂ ਵਿਦੇਸ਼ੀ ਜਾਇਦਾਦਾਂ, ਸਵਿਸ ਖਾਤਿਆਂ ਸਮੇਤ ਸਾਰੇ ਖਾਤਿਆਂ ਦੀ ਜਾਣਕਾਰੀਆਂ ਬਾਰੇ ਐਫੀਡੇਵਿਟ ਪੇਸ਼ ਕਰਨ ਦਾ ਆਦੇਸ਼ ਦਿੱਤਾ ਸੀ। ਫਿਰੋਜ਼ ਸ਼ਾਹ ਗਿਲਾਨੀ ਦੀ ਪਟੀਸ਼ਨ ਵਿਚ ਸਾਲ 2007 ਵਿਚ ਐੱਨ ਆਰ ਓ ਨੇ ਬਰਬਾਦ ਹੋਈ ਜਨਤਕ ਰਾਸ਼ੀ ਦੀ ਵਸੂਲੀ ਦੀ ਮੰਗ ਵੀ ਕੀਤੀ ਹੈ। ਉਨ੍ਹਾਂ ਨੇ ਇਸ ਕੇਸ ਵਿਚ ਆਸਿਫ ਅਲੀ ਜ਼ਰਦਾਰੀ, ਸਾਬਕਾ ਰਾਸ਼ਟਰਪਤੀ ਰਿਟਾਇਰਡ ਜਨਰਲ ਪਰਵੇਜ਼ ਮੁਸ਼ੱਰਫ ਤੇ ਪਾਕਿਸਤਾਨ ਦੇ ਸਾਬਕਾ ਅਟਾਰਨੀ ਜਨਰਲ ਮਲਿਕ ਅਬਦੁੱਲ ਕਯਾਮ ਨੂੰ ਮੁੱਖ ਦੋਸ਼ੀ ਬਣਾਇਆ ਹੈ।

## ਖਿਝੇ ਕਿਰਾਏਦਾਰ ਨੇ ਸਬਕ ਸਿਖਾਉਣ ਲਈ ਦੁਕਾਨ ਉੱਤੇ ਲਾਲਚੀ ਮਕਾਨ ਮਾਲਕ ਲਿਖ ਦਿੱਤਾ




ਲੰਡਨ, 19 ਸਤੰਬਰ (ਪੋਸਟ ਬਿਊਰੋ)- ਕਿਰਾਏ ਦੇ ਘਰ 'ਚ ਰਹਿੰਦੇ ਲੋਕਾਂ ਨੂੰ ਕਈ ਵਾਰੀ ਮਕਾਨ ਮਾਲਕ ਦੀ ਮਨਮਰਜ਼ੀ ਝੱਲਣੀ ਪੈਂਦੀ ਹੈ। ਬ੍ਰਿਟੇਨ ਦੇ ਅਖਬਾਰ ਮਿਰਰ 'ਚ ਛਪੀਆਂ ਖਬਰਾਂ ਮੁਤਾ-ਬਕ ਬ੍ਰੈਡਫੋਰਡ 'ਚ ਇੱਕ ਕਿਰਾਏ ਦੇ ਘਰ 'ਚ ਰਹਿਣ ਵਾਲੇ ਮਾਰਕ ਨਿਕੋਲ ਨੇ ਆਪਣੇ ਲਾਲਚੀ ਮਕਾਨ ਮਾਲਕ ਨੂੰ ਸਬਕ ਸਿਖਾਉਣ ਦਾ ਨਵਾਂ ਢੰਗ ਲੱਭਿਆ।

